Hansti Duniya (Punjabi)

# ਹੱਸਦੀ ਦੁਨੀਆ

## ਏਕਤਾ ਦੀ ਤਾਕਤ



₹ 25/–
Vol. 49 | No. 04 | April 2025

# ਹੰਸਤੀ ਦੁਨੀਆ

Printer & Publisher
Rakesh Mutreja,
on behalf of Sant Nirankari Mandal,
Delhi-110009, Printed at
M.P. Printers, B-220, Phase-II,
Noida (U.P.) – 201305 & published at
Sant Nirankari Administrative Block,
Nirankari Chowk, Burari Road,
Delhi-110009

ਹੰਸਤੀ ਦੁਨੀਆ

✶ VOL ww- 49
✶ ਅੰਕ - 04 ✶ ਅਪ੍ਰੈਲ 2025 ✶ Pages : 44


(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Chief Editor
Dr. Vijay Sharma

Editor (Honorary)
Parmod Dhir

Asstt. Editor
Kuldeep Kaur

E-mail : hduniya.punjabi@nirankari.org
Ph. : 011-47660200
Fax : 011-27608215
Website : www.nirankari.org
kids.nirankari.org



ਹੱਥ ਵਿੱਚ ਪੈਂਸਿਲ ਲੈ ਲਓ, ਹੰਸਤੀ ਦੁਨੀਆ ਪੜ੍ਹੋ
ਦੁਨੀਆ ਦੇ ਪਿਆਰੇ ਬੱਚਿਓ, ਸਦਾ ਹੱਸਦੇ ਰਹੋ

ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
ਵਿਵਾਦ ਦੀ ਸਥਿਤੀ ਵਿੱਚ ਨਿਆਏ ਖੇਤਰ ਦਿੱਲੀ ਰਹੇਗਾ।



# ਇਸ ਅੰਕ ਵਿੱਚ


| ਪੰਨਾ | ਸਿਰਲੇਖ | ਲੇਖਕ |
|---|---|---|
| 3 | ਸਭ ਤੋਂ ਪਹਿਲਾਂ | – ਪ੍ਰਮੋਦ ਧੀਰ |
| 5 | ਕਵਿਤਾ | – ਬਿੱਕਰ ਸਿੰਘ ਮਾਣਕ |
| 6 | ਆਓ ਕਹਾਣੀ ਪੜੀਏ | – ਲਖਵਿੰਦਰ ਸੁਮਨ |
| 9 | ਅਪ੍ਰੈਲ ਮਸਤੀਮਈ ਮਹੀਨਾ | |
| 10 | ਮੰਮੀ, ਪਾਪਾ ਅਤੇ ਗੱਪਾਂ | |
| 12 | ਪ੍ਰੇਰਕ ਪ੍ਰਸੰਗ | |
| 14 | ਕਹਾਣੀ ਦੀ ਕਹਾਣੀ | – ਅਨਿਲ ਕਾਲੜਾ |
| 16 | ਬਹੁਤ ਸਾਲ ਪਹਿਲਾਂ | – ਅਰਚਨਾ ਸੌਗਾਨੀ |
| 18 | ਤਾਰਿਆਂ ਦੀ ਦੁਨੀਆ | |
| 20 | ਮਸਤੀ ਭਰੀ ਕਹਾਣੀ | |
| 22 | ਜੰਗਲ ਮੰਗਲ | |
| 24 | ਇੱਕ ਸਮੇਂ ਦੀ ਗੱਲ ਹੈ? | – ਗੁਰਸੇਵਕ ਸਿੰਘ |
| 26 | ਬੁੱਧੀ ਦੀ ਖੁਰਾਕ | |
| 28 | ਚਲੋ ਘੁੰਮਣ | |
| 30 | ਕਹਾਣੀ ਨੇ ਕਿਹਾ | – ਡਾ. ਦਰਸ਼ਨ ਸਿੰਘ 'ਆਸ਼ਟ' |
| 34 | ਕਹਾਣੀ ਚਲੀ ਪਿਕਨਿਕ | – ਅੰਕੁਸ਼ੀ |
| 38 | NATURE ਟੀਚਰ | |
| 40 | ਆਪਣੀ ਪ੍ਰਯੋਗਸ਼ਾਲਾ | |



ਸਭ ਤੋਂ ਪਹਿਲਾਂ

# ਏਕਤਾ ਵਿੱਚ ਸ਼ਕਤੀ

ਅਸੀਂ ਸਾਰੇ ਅਕਸਰ ਸੁਣਦੇ ਹਾਂ ਕਿ ਏਕਤਾ ਵਿੱਚ ਸ਼ਕਤੀ ਹੁੰਦੀ ਹੈ, ਇਹ ਬਿਲਕੁੱਲ ਸੱਚ ਹੈ। ਸਾਡੇ ਸਾਰੇ ਗੁਰੂ, ਪੀਰ, ਪੈਗੰਬਰ, ਅਧਿਆਪਕ ਵੀ ਸਾਨੂੰ ਯੁਗਾਂ-ਯੁਗਾਂ ਤੋਂ ਇਹੀ ਸਮਝਾਉਂਦੇ ਆ ਰਹੇ ਹਨ ਕਿ ਏਕਤਾ ਵਿੱਚ ਬਹੁਤ ਤਾਕਤ ਹੁੰਦੀ ਹੈ, ਇਸ ਲਈ ਹਰ ਖੇਤਰ ਵਿੱਚ ਤਰੱਕੀ ਕਰਨ ਲਈ ਆਪਸ ਵਿੱਚ ਏਕਤਾ, ਪਿਆਰ, ਮਿਲਵਰਤਨ, ਭਾਈਚਾਰਾ, ਸਾਂਝ, ਮੁਹੱਬਤ, ਟੀਮ ਵਰਕ ਦੀ ਭਾਵਨਾ ਹਮੇਸ਼ਾ ਬਣਾ ਕੇ ਰੱਖਣੀ ਚਾਹੀਦੀ ਹੈ। ਕਦੇ ਆਪਣੇ ਆਪ ਤੇ ਹੰਕਾਰ ਨਹੀਂ ਕਰਨਾ ਚਾਹੀਦਾ ਸਗੋਂ ਹਰ ਪ੍ਰਾਪਤੀ ਲਈ ਪ੍ਰਮਾਤਮਾ ਦਾ ਤੇ ਸਹਿਯੋਗੀਆਂ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ।

ਸਾਡੇ ਕੋਲ ਐਸੀਆਂ ਬਹੁਤ ਉਦਾਹਰਣਾਂ ਹਨ ਜਿੰਨ੍ਹਾਂ ਤੋਂ ਇਹ ਸਿੱਧ ਹੋ ਚੁੱਕਾ ਹੈ ਕਿ ਏਕਤਾ ਵਿੱਚ ਸ਼ਕਤੀ ਹੁੰਦੀ ਹੈ। ਅਸੀਂ 'ਏਕਤਾ ਵਿੱਚ ਬਲ' ਕਹਾਣੀ ਤਾਂ ਸਭ ਨੇ ਹੀ ਸੁਣੀ ਹੈ ਕਿ ਜਦੋਂ 5 ਭਰਾ 5 ਲੱਕੜਾਂ ਨੂੰ ਇਕੱਲੀ-ਇਕੱਲੀ ਕਰਕੇ ਤੋੜਦੇ ਹਨ ਤਾਂ ਉਹ ਟੁੱਟ ਜਾਂਦੀਆਂ ਹਨ ਪਰ ਅਗਰ 5 ਲੱਕੜਾਂ ਨੂੰ ਇਕੱਠੇ ਬੰਨ੍ਹ ਦਿੱਤਾ ਜਾਂਦਾ ਹੈ ਤਾਂ ਉਹਨਾਂ ਭਰਾਵਾਂ ਵਿੱਚੋਂ ਕੋਈ ਨਹੀਂ ਤੋੜ ਸਕਿਆ ਇਸ ਤਰ੍ਹਾਂ ਉਹਨਾਂ ਦੇ ਪਿਤਾ ਨੇ ਲੱਕੜਾਂ ਵਾਂਗ ਉਹਨਾਂ ਨੂੰ ਮਿਲਕੇ ਰਹਿਣ ਦਾ ਸੰਦੇਸ਼ ਦਿੱਤਾ ਕਿ ਅਗਰ ਉਹ ਮਿਲਕੇ ਰਹਿਣਗੇ ਤਾਂ ਉਹਨਾਂ ਨੂੰ ਕੋਈ ਵੀ ਨੁਕਸਾਨ ਨਹੀਂ ਪਹੁੰਚਾ ਸਕੇਗਾ।

ਇਸੇ ਤਰ੍ਹਾਂ ਖੇਡਾਂ ਕ੍ਰਿਕੇਟ, ਹਾਕੀ, ਫੁੱਟਬਾਲ, ਵਾਲੀਬਾਲ, ਬਾਸਕਟਬਾਲ, ਖੋ-ਖੋ, ਕਬੱਡੀ ਆਦਿ ਵਿੱਚ ਵੀ ਅਸੀਂ ਦੇਖਦੇ ਹਾਂ ਕਿ ਹਰ ਖਿਡਾਰੀ ਟੀਮ ਵਰਕ, ਸਹਿਯੋਗ, ਪਿਆਰ, ਮਿਲਵਰਤਨ ਅਤੇ ਆਪਸੀ ਭਾਈਚਾਰੇ ਦੀ ਭਾਵਨਾ ਬਣਾ ਕੇ ਖੇਡਦਾ ਹੈ ਤਾਂ ਉਹ ਜ਼ਰੂਰ ਸਫ਼ਲ ਹੁੰਦੇ ਹਨ ਅਗਰ ਉਹਨਾਂ ਵਿੱਚ ਟੀਮ ਵਰਕ ਤੇ ਸਹਿਯੋਗ ਦੀ ਭਾਵਨਾ ਨਾ ਹੋਵੇ ਤਾਂ ਉਹ ਅਸਫ਼ਲ ਵੀ ਹੁੰਦੇ ਹਨ। ਹਰੇਕ ਖੇਡ ਵਿੱਚ ਹਰੇਕ ਖਿਡਾਰੀ ਦੀ ਬਰਾਬਰ ਮਹੱਤਤਾ ਹੁੰਦੀ ਹੈ।

ਇਸ ਤੋਂ ਇਲਾਵਾ ਅਸੀਂ ਕੋਈ ਵੀ ਸਫ਼ਲ ਤੋਂ ਸਫ਼ਲ ਵਪਾਰੀ, ਕਾਰੋਬਾਰੀ, ਫੈਕਟਰੀਆਂ, ਕੰਪਨੀਆਂ, ਵਪਾਰਕ, ਸਮਾਜਿਕ, ਧਾਰਮਿਕ, ਰਾਜਨੀਤਿਕ ਸੰਸਥਾਵਾਂ, ਵੱਡੇ-ਵੱਡੇ ਅਦਾਰਿਆਂ, ਦਫ਼ਤਰਾਂ ਆਦਿ ਦੇ ਮਾਲਕਾਂ ਨੂੰ ਦੇਖੀਏ, ਪਰਖੀਏ ਤਾਂ ਪਤਾ ਲਗਦਾ ਹੈ ਕਿ ਉਹ ਵੀ ਤਾਂਹੀ ਆਪੋ ਆਪਣੇ ਕਾਰੋਬਾਰਾਂ, ਉਦੇਸ਼ਾਂ ਅਤੇ ਵੱਖ-ਵੱਖ ਖੇਤਰਾਂ ਆਦਿ ਵਿੱਚ ਸਫ਼ਲ ਹੋਏ ਹੁੰਦੇ ਹਨ ਅਗਰ ਉਹਨਾਂ ਨੇ ਟੀਮ ਵਰਕ ਦੇ ਤੌਰ ਤੇ ਆਪਣੇ ਪਰਿਵਾਰਾਂ, ਹਿੱਸੇਦਾਰਾਂ, ਵਰਕਰਾਂ, ਕਰਮਚਾਰੀਆਂ, ਸਹਿਯੋਗੀਆਂ, ਸਾਥੀਆਂ ਆਦਿ ਸਭ ਨਾਲ ਮਿਲ ਕੇ ਇੱਕੇ-ਦੂਜੇ ਨੂੰ ਸਹਿਯੋਗ ਦਿੰਦੇ ਹੋਏ ਟੀਮ ਵਰਕ ਦੀ ਭਾਵਨਾ ਨਾਲ ਕੰਮ ਕੀਤਾ ਹੁੰਦਾ ਹੈ। ਇਕੱਲਾ ਇਨਸਾਨ ਜ਼ਿਆਦਾ ਤਰੱਕੀ ਨਹੀਂ ਕਰ ਸਕਦਾ।

ਇਸ ਲਈ ਸਾਨੂੰ ਸਕੂਲ, ਕਾਲਜ, ਯੂਨੀਵਰਸਿਟੀ ਆਦਿ ਵਿੱਚ ਪੜ੍ਹਦਿਆਂ, ਕੋਈ ਕੋਰਸ ਕਰਦਿਆਂ, ਕਾਰੋਬਾਰ ਜਾਂ ਨੌਕਰੀ ਕਰਦਿਆਂ, ਕੋਈ ਖੇਡ ਖੇਡਦਿਆਂ, ਆਪਣੇ ਪਰਿਵਾਰ ਵਿੱਚ ਵਿਚਰਦਿਆਂ, ਸਮਾਜ ਵਿੱਚ ਰਹਿੰਦਿਆਂ ਸਭ ਨਾਲ ਆਪਸੀ ਪਿਆਰ, ਮਿਲਵਰਤਨ, ਏਕਤਾ, ਭਾਈਚਾਰਾ ਬਣਾ ਕੇ ਰੱਖਣਾ ਚਾਹੀਦਾ ਹੈ। ਕਿਸੇ ਦੀ ਨਿੰਦਿਆ ਚੁਗਲੀ ਕਰਨ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ। ਬੁਰੀ ਸੰਗਤ ਤੋਂ ਬਚਕੇ ਰਹਿਣਾ ਚਾਹੀਦਾ ਹੈ। ਘਰ ਪਰਿਵਾਰ, ਸਮਾਜ, ਦਫ਼ਤਰ ਆਦਿ ਵਿੱਚ ਹਰ ਇੱਕ ਦਾ ਦਿਲੋਂ ਸਤਿਕਾਰ ਕਰਨਾ ਚਾਹੀਦਾ ਹੈ। ਫਿਰ ਹੀ ਅਸੀਂ ਏਕਤਾ ਵਿੱਚ ਸ਼ਕਤੀ ਦਾ ਆਨੰਦ ਪ੍ਰਾਪਤ ਕਰ ਸਕਦੇ ਹਾਂ। ਅਪ੍ਰੈਲ ਮਹੀਨੇ ਵਿੱਚ ਮਨਾਏ ਜਾਣ ਵਾਲੇ 'ਮਾਨਵ ਏਕਤਾ ਦਿਵਸ' ਸਮਾਗਮ ਦਾ ਵੀ ਇਹੀ ਉਦੇਸ਼ ਹੈ ਕਿ ਹਰ ਇਨਸਾਨ ਨੂੰ ਆਪਸੀ ਭਾਈਚਾਰੇ, ਏਕਤਾ ਤੇ ਪਿਆਰ ਨਾਲ ਮਿਲਕੇ ਰਹਿਣਾ ਚਾਹੀਦਾ ਹੈ।

✍ ਪ੍ਰਮੋਦ ਧੀਰ



# ਬੱਚਿਆਂ ਦੀ ਅਰਦਾਸ

ਦਾਤਾ ਐਸੀ ਸਾਨੂੰ ਸ਼ਕਤੀ ਦੇ।
ਹੋਵੇ ਸਭ ਦੇ ਨਾਲ ਸਨੇਹ।

ਸੇਵਾ ਸਿਮਰਨ, ਸੰਗਤ ਸੋਹਣੀ।
ਏਕਤਾ ਸ਼ਕਤੀ ਦੀ, ਰੰਗਤ ਸੋਹਣੀ।
ਬੈਠਣ ਦੇ ਲਈ, ਪੰਗਤ ਸੋਹਣੀ।
ਜਗ ਮਗ ਗਿਆਨ ਦਾ ਦੀਪ ਜਗੇ।
ਦਾਤਾ ਐਸੀ ਸਾਨੂੰ ਸ਼ਕਤੀ ਦੇ।
ਹੋਵੇ ਸਭ ਦੇ ਨਾਲ ਸਨੇਹ।

ਪਿਆਰ, ਨਿਮਰਤਾ, ਸਹਿਜ ਸੁਭਾਅ।
ਸੰਗਤ ਦਾ ਰਹੇ ਚੜ੍ਹਿਆ ਚਾਅ।
ਨਫ਼ਰਤ ਦੇਵੇ ਜੜ੍ਹੋਂ ਮੁਕਾਅ।
ਗੁਰਮੱਤ ਹੀ ਬਸ ਯਾਦ ਰਹੇ।
ਦਾਤਾ ਐਸੀ ਸਾਨੂੰ ਸ਼ਕਤੀ ਦੇ।
ਹੋਵੇ ਸਭ ਦੇ ਨਾਲ ਸਨੇਹ।

ਹਰ ਇਕ ਦੇ ਨਾਲ ਪ੍ਰੀਤ ਬਣਾਈਏ।
ਪ੍ਰੀਤ ਦੇ ਸੋਹਣੇ ਗੀਤ ਬਣਾਈਏ।
ਸ਼ੁਭ, ਵੰਸ਼, ਯਸ਼ ਮਿਲਕੇ ਗਾਈਏ
ਸੁਣ-ਸੁਣ ਸੀਨੇ ਠੰਡ ਪਾਈਏ।
ਦਾਤਾ ਐਸੀ ਸਾਨੂੰ ਸ਼ਕਤੀ ਦੇ।
ਹੋਵੇ ਸਭ ਦੇ ਨਾਲ ਸਨੇਹ।

ਸੋਹਣੀ ਹੋਵੇ Good morning
ਸੰਗਤ ਕਰੀਏ all learning
ਚਾਹੁੰਦੇ ਹੋ ਜਿਹੋ ਜੀ ਫੀਲਿੰਗ।
ਮਾਣਕ all in all ਰਹੇ।
ਹਰ ਬੱਚੇ ਨੂੰ Power ਦੇ।

- ਬਿੱਕਰ ਸਿੰਘ ਮਾਣਕ

ਆਓ ਕਹਾਣੀ ਪੜ੍ਹੀਏ

# 'ਏਕਤਾ ਵਿੱਚ ਸ਼ਕਤੀ'



ਸਕੂਲ ਦੀਆਂ ਛੁੱਟੀਆਂ ਵਿੱਚ ਅਨੀਕਿਤਾ, ਆਯਾਨ ਅਤੇ ਅਨੁਭਵ ਆਪਣੇ ਦਾਦੂ ਜੀ ਨੂੰ ਮਿਲਣ ਵਾਸਤੇ ਆਏ। ਸ਼ਾਮ ਦੇ ਖਾਣੇ ਤੋਂ ਬਾਅਦ ਤਿੰਨੋ ਦਾਦੂ ਜੀ ਨੂੰ ਕਹਾਣੀ ਸੁਣਾਉਣ ਨੂੰ ਕਹਿਣ ਲੱਗੇ। ਦਾਦੂ ਜੀ ਨੇ ਕਿਹਾ ਕਿ ਅੱਜ ਮੈਂ ਤੁਹਾਨੂੰ ਏਕਤਾ ਵਿੱਚ ਸ਼ਕਤੀ ਦੀ ਕਹਾਣੀ ਸੁਣਾਉਂਦਾ ਹਾਂ। ਵਿੱਚੋਂ ਹੀ ਅਨੀਕਿਤਾ ਬੋਲ ਪਈ ਕਿ ਉਹ ਲੱਕੜੀ ਅਤੇ ਲਕੜੀਆਂ ਦੇ ਗੱਠੇ ਵਾਲੀ ਕਹਾਣੀ ਤਾਂ ਅਸੀ ਪਹਿਲਾਂ ਹੀ ਸੁਣ ਰੱਖੀ ਹੈ। ਤੁਸੀ ਕੋਈ ਹੋਰ ਕਹਾਣੀ ਸੁਣਾਓ। ਤਦ ਦਾਦੂ ਜੀ ਨੇ ਕਿਹਾ ਕਿ ਅੱਜ ਮੈਂ ਤੁਹਾਨੂੰ ਯੂਨਾਨ ਦੇ ਬਾਦਸ਼ਾਹ ਦੀ ਬਹਾਦਰੀ ਅਤੇ ਉਸ ਨੇ ਕਿਸ ਤਰ੍ਹਾਂ ਆਪਣੀ ਸੈਨਾ ਨੂੰ ਇਕੱਠਾ ਕਰਕੇ ਏਕਤਾ ਦੀ ਸ਼ਕਤੀ ਨਾਲ ਯੁੱਧ ਜਿੱਤਿਆ ਸੀ, ਉਹ ਕਹਾਣੀ ਸੁਣਾਉਂਦਾ ਹਾਂ।

ਯੂਨਾਨ ਦੇ ਬਾਦਸ਼ਾਹ ਦਾ ਨਾਮ ਬਰੂਸ ਸੀ। ਉਹ ਬਹੁਤ ਹੀ ਬਹਾਦਰ ਅਤੇ ਨਿਡਰ ਸੀ। ਆਪਣੇ ਰਾਜ ਦਾ ਵਿਸਥਾਰ ਕਰਨ ਅਤੇ ਪਰਜਾ ਨੂੰ ਸੁੱਖ ਸਹੂਲਤਾਂ ਦੇਣ ਲਈ ਉਹ ਲਗਾਤਾਰ ਯਤਨਸ਼ੀਲ ਰਹਿੰਦਾ ਸੀ।

ਇੱਕ ਵਾਰ ਉਨ੍ਹਾਂ ਦੇ ਨਜ਼ਦੀਕੀ ਦੇਸ਼ ਦੇ ਰਾਜਾ ਨੇ ਯੂਨਾਨ ਤੇ ਹਮਲਾ ਕਰ ਦਿੱਤਾ। ਅਚਾਨਕ ਦੇਸ਼ ਤੇ ਹਮਲਾ ਹੋਣ ਨਾਲ ਯੂਨਾਨ ਦਾ ਬਹੁਤ ਸਾਰਾ ਇਲਾਕਾ ਵਿਰੋਧੀ ਰਾਜ ਦੇ ਸੈਨਿਕਾਂ ਨੇ ਆਪਣੇ ਕਬਜ਼ੇ ਵਿੱਚ ਕਰ ਲਿਆ। ਜਿਸ ਨਾਲ ਉਸ ਏਰੀਏ ਵਿੱਚ ਬਹੁਤ ਹਾਹਾਕਾਰ ਅਤੇ ਤਬਾਹੀ ਮਚੀ ਹੋਈ ਸੀ। ਜਦੋਂ ਤੱਕ ਬਾਦਸ਼ਾਹ ਬਰੂਸ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਦੋਂ ਤੱਕ ਕਾਫੀ ਨੁਕਸਾਨ ਹੋ ਚੁੱਕਿਆ ਸੀ।

ਬਾਦਸ਼ਾਹ ਬਰੂਸ ਇਸ ਬਾਰੇ ਸੁਣ ਕੇ ਬਹੁਤ ਨਿਰਉਤਸ਼ਾਹਿਤ ਹੋ ਗਿਆ ਸੀ। ਜਿਸ ਨਾਲ ਉਹ ਇਸ ਆਈ ਹੋਈ ਅਚਾਨਕ ਲੜਾਈ ਦੇ ਨੁਕਸਾਨ ਦੀ ਭਰਪਾਈ ਅਤੇ ਕਤਲੋਗਾਰਤ ਕਰਕੇ ਜਨਤਾ ਦਾ ਕਾਫੀ ਨੁਕਸਾਨ ਹੋਣ ਕਰਕੇ ਪਰੇਸ਼ਾਨ ਸੀ ਅਤੇ ਇਸ ਪਰੇਸ਼ਾਨੀ ਤੋਂ ਉਭਰਨ ਲਈ ਸੋਚ ਵਿਚਾਰ ਕਰ ਹੀ ਰਿਹਾ ਸੀ ਕਿ ਅਚਾਨਕ ਉਸਦੀ ਨਜ਼ਰ ਇੱਕ ਮੱਕੜੀ ਤੇ ਪਈ ਜੋ

ਵਾਰ-ਵਾਰ ਆਪਣੀ ਬਣਾਈ ਤਾਰ ਤੋਂ ਹੇਠਾਂ ਡਿੱਗ ਪੈਂਦੀ ਸੀ ਅਤੇ ਫਿਰ ਨਵੇਂ ਜੋਸ਼ ਨਾਲ ਉੱਪਰ ਚੜ੍ਹਨ ਦੀ ਕੋਸ਼ਿਸ਼ ਕਰਦੀ ਸੀ। ਇਸ ਤਰ੍ਹਾਂ ਅਨੇਕਾਂ ਵਾਰ ਕੋਸ਼ਿਸ਼ ਕਰਨ ਦੀ ਅਸਫ਼ਲਤਾ ਤੋਂ ਬਾਅਦ ਉਹ ਮੱਕੜੀ ਉੱਪਰ ਚੜ੍ਹ ਕੇ ਆਪਣੀ ਮੰਜ਼ਿਲ ਤੇ ਪਹੁੰਚ ਗਈ।

ਬਾਦਸ਼ਾਹ ਬਰੂਸ ਇਹ ਘਟਨਾ ਦੇਖਕੇ ਖੁਸ਼ ਹੋ ਗਿਆ ਕਿਉਂਕਿ ਹੁਣ ਉਸਨੂੰ ਯੁੱਧ ਜਿੱਤਣ ਦਾ ਨੁਕਤਾ ਮਿਲ ਗਿਆ ਸੀ। ਉਹ ਵੀ ਆਪਣੀ ਪੂਰੀ ਸ਼ਕਤੀ ਇਕੱਠੀ ਕਰਕੇ ਉੱਠਿਆ ਅਤੇ ਆਪਣੀ ਸੈਨਾ ਨੂੰ ਇਕੱਠਾ ਕਰਕੇ ਉਸਨੇ ਸੰਬੋਧਨ ਕੀਤਾ ਕਿ 'ਵੀਰ ਜਵਾਨੋ! ਸਾਡੇ ਦੇਸ਼ ਦੀ ਰੱਖਿਆ ਦਾ ਭਾਰ ਸਾਡੇ ਸਾਰਿਆਂ ਦੇ ਸਿਰ ਤੇ ਹੈ। ਅਗਰ ਅਸੀ ਸਾਰੇ ਇਕੱਠੇ ਹੋ ਕੇ ਆਪਣੀ ਸਾਰੀ ਸ਼ਕਤੀ ਨਾਲ ਵਿਰੋਧੀਆਂ ਤੇ ਹਮਲਾ ਕਰਾਂਗੇ ਤਾਂ ਵਿਰੋਧੀਆਂ ਨੂੰ ਅਸੀਂ ਹਰਾ ਸਕਦੇ ਹਾਂ। ਦੂਜੀ ਗੱਲ ਇਸ ਮੌਜੂਦਾ ਹਾਲਤ ਵਿੱਚ ਸਾਡੇ ਕੋਲ ਹੋਰ ਕੁੱਝ ਵੀ ਗਵਾਉਣ ਲਈ ਨਹੀਂ ਬਚਿਆ।

ਜੇਕਰ ਅਸੀਂ ਆਪਣੀ ਪੂਰੀ ਸ਼ਕਤੀ ਲਗਾ ਕੇ ਲੜਾਂਗੇ। ਅਗਰ ਅਸੀਂ ਮਰ ਵੀ ਗਏ ਤਾਂ ਅਸੀਂ ਦੇਸ਼ ਦੇ ਸ਼ਹੀਦ ਕਹਾਵਾਂਗੇ। ਦੂਜੇ ਪਾਸੇ ਜੇਕਰ ਅਸੀਂ ਵਿਰੋਧੀ ਸੈਨਾ ਦੇ ਪੈਰ ਉਖਾੜ ਦਿੱਤੇ ਤਾਂ ਅਸੀਂ ਮੁੜ ਆਪਣੇ ਦੇਸ਼ ਨੂੰ ਪ੍ਰਾਪਤ ਕਰ ਲਵਾਂਗੇ। ਇਸ ਲਈ ਅਸੀਂ ਦੇਸ਼ ਲਈ ਮਰ ਮਿਟਣ ਲਈ ਹੀ ਅੱਗੇ ਵਧਾਂਗੇ ਅਤੇ ਸਾਰੇ ਏਕਤਾ ਨਾਲ ਪੂਰੀ ਸ਼ਕਤੀ ਲਗਾਕੇ ਉਹਨਾਂ ਤੇ ਹਮਲਾ ਕਰਾਂਗੇ ਤਾਂ ਮੈਨੂੰ ਪੂਰੀ ਉਮੀਦ ਹੈ ਕਿ ਜਿੱਤ ਤੁਹਾਡੀ ਹੀ ਹੋਵੇਗੀ।

ਬਾਦਸ਼ਾਹ ਬਰੂਸ ਦੇ ਇਹਨਾਂ ਜੋਸ਼ ਭਰੇ ਸ਼ਬਦਾਂ ਨੂੰ ਸੁਣ ਕੇ ਸਾਰੇ ਸੈਨਿਕਾਂ ਦੀਆਂ ਅੱਖਾਂ ਵਿੱਚ ਆਪਣੇ ਦੇਸ਼ ਪ੍ਰਤੀ ਮਰ ਮਿਟਣ ਲਈ ਇੱਕ ਅਨੋਖੀ ਚਮਕ ਆ ਗਈ ਅਤੇ ਪੂਰੇ ਜੋਸ਼ ਵਿੱਚ ਦੇਸ਼ ਦੀ ਸੁਰੱਖਿਆ ਲਈ ਸਾਰੇ ਖੜੇ ਹੋ ਗਏ।

ਦੂਜੇ ਦਿਨ ਜਦ ਲੜਾਈ ਦੀ ਸ਼ੁਰੂਆਤ ਹੋਈ ਤਾਂ ਵਿਰੋਧੀ ਦੇਸ਼ ਦੇ ਸੈਨਿਕਾਂ ਨੇ ਇਹ ਸੋਚ ਰੱਖਿਆ ਸੀ ਕਿ ਹੁਣ ਇਹ ਮੁੱਠੀ ਭਰ ਸੈਨਿਕ ਸਾਡਾ ਕੁੱਝ ਵੀ ਵਿਗਾੜ ਨਹੀਂ ਸਕਦੇ। ਪਰ ਯੂਨਾਨ ਦੇ ਇਹ ਬਹਾਦਰ ਯੋਧੇ ਸਿਪਾਹੀਆਂ ਨੇ ਆਪਣੀ ਏਕਤਾ ਦੀ ਸ਼ਕਤੀ ਨਾਲ ਵਿਰੋਧੀਆਂ ਤੇ ਕਰਾਰਾ ਹਮਲਾ ਕਰ ਦਿੱਤਾ ਤੇ ਵਿਰੋਧੀਆਂ ਨੂੰ ਪਿੱਛੇ ਧਕੇਲ ਦਿੱਤਾ ਅਤੇ ਮੁੜ ਸਾਰਾ ਇਲਾਕਾ ਜਿੱਤ ਲਿਆ। ਇੰਨਾਂ ਹੀ ਨਹੀਂ ਸਗੋਂ ਦੂਜੇ ਦੇਸ਼ ਦਾ ਵੀ ਬਹੁਤ ਸਾਰਾ ਇਲਾਕਾ ਆਪਣੇ ਕਬਜ਼ੇ ਵਿੱਚ ਕਰ ਲਿਆ।

ਵਿਰੋਧੀ ਦੇਸ਼ ਦੇ ਰਾਜੇ ਨੇ ਬਾਦਸ਼ਾਹ ਬਰੂਸ ਨੂੰ ਸੁਲਾਹ ਸੰਧੀ ਦਾ ਸੰਦੇਸ਼ ਭੇਜਿਆ ਜੋ ਬਾਦਸ਼ਾਹ ਨੇ ਮਨਜ਼ੂਰ ਕਰ ਲਿਆ ਅਤੇ ਯੁੱਧ ਬੰਦ ਹੋ ਗਿਆ। ਪਰ ਬਾਦਸ਼ਾਹ ਬਰੂਸ ਨੇ ਵਿਰੋਧੀ ਦੇਸ਼ ਦੇ ਜਿੱਤੇ ਹੋਏ ਇਲਾਕੇ ਨੂੰ ਵੀ ਵਾਪਿਸ ਕਰ ਦਿੱਤਾ। ਜਿਸ ਨਾਲ ਦੋਨਾਂ ਦੇਸ਼ਾਂ ਵਿੱਚ ਮਿੱਤਰਤਾ ਹੋ ਗਈ।

ਦਾਦੂ ਜੀ ਨੇ ਕਹਿਣਾ ਜਾਰੀ ਰੱਖਿਆ ਕਿ ਬੱਚਿਓ! ਇਹ ਗੱਲ ਬਿਲਕੁਲ ਸੱਚ ਹੈ ਕਿ ਜਦੋਂ ਅਸੀਂ ਇਕੱਠੇ ਹੋ ਕੇ ਕਿਸੇ ਵੀ ਕੰਮ ਨੂੰ ਕਰਦੇ ਹਾਂ ਤਾਂ ਉਹ ਕੰਮ ਇੱਕ ਤਾਂ ਜਲਦੀ ਸਮਾਪਤ ਹੋ ਜਾਂਦਾ ਹੈ ਕਿਉਂਕਿ ਉਸ ਕੰਮ ਵਿੱਚ ਸਾਰਿਆਂ ਦੀ ਸ਼ਕਤੀ ਲੱਗਦੀ ਹੈ ਜਿਸ ਨਾਲ ਸਫ਼ਲਤਾ ਪ੍ਰਾਪਤ ਹੁੰਦੀ ਹੈ। ਦੂਜੀ ਗੱਲ ਏਕਤਾ ਨਾਲ ਪ੍ਰੇਮ, ਪਿਆਰ, ਮਿਲਵਰਤਨ ਵੱਧਦਾ ਹੈ। ਇਸ ਕਰਕੇ ਇਕੱਠੇ ਰਹਿ ਕੇ ਇਸ ਸ਼ਕਤੀ ਦਾ ਸਦਉਪਯੋਗ ਕਰਨਾ ਚਾਹੀਦਾ ਹੈ। ਇਸ ਤੇ ਅਨੀਕਿਤਾ ਨੇ ਕਿਹਾ ਕਿ ਜਿਵੇਂ ਪਹਿਲੀ ਲੱਕੜੀ ਵਾਲੀ ਕਹਾਣੀ ਵਿੱਚ ਵੀ ਇੱਕ ਸੋਟੀ ਛੇਤੀ ਟੁੱਟ ਜਾਂਦੀ ਹੈ ਅਤੇ ਬਹੁਤ ਸਾਰੀਆਂ ਸੋਟੀਆਂ ਜੇਕਰ ਗੱਠੇ ਦੇ ਰੂਪ ਵਿੱਚ ਇਕੱਠੀਆਂ ਹੋਣ ਤਾਂ ਸਾਰੀਆਂ ਸੋਟੀਆਂ ਦੀ ਇਕੱਠੀ ਸ਼ਕਤੀ ਕਰਕੇ ਟੁੱਟਦੀਆਂ ਨਹੀਂ। ਕੀ ਇਸ ਏਕਤਾ ਵਿੱਚ ਵੀ ਇਸੇ ਪ੍ਰਕਾਰ ਦੀ ਸ਼ਕਤੀ ਹੈ? ਤਾਂ ਦਾਦੂ ਜੀ ਨੇ ਕਿਹਾ ਕਿ ਹਾਂ! ਇਸ ਏਕਤਾ ਵਿੱਚ ਸ਼ਕਤੀ ਵੀ ਇਸੇ ਪ੍ਰਕਾਰ ਹੀ ਹੈ ਜੇਕਰ ਤੁਸੀਂ ਵੀ ਇਕੱਠੇ ਰਹਿ ਕੇ ਕੰਮ ਕਰੋਗੇ ਤਾਂ ਤੁਹਾਡੇ ਇਕੱਠ ਵਿੱਚ ਵੀ ਸ਼ਕਤੀ ਹੋਵੇਗੀ ਕਿਉਂਕਿ ਏਕਤਾ ਵਿੱਚ ਸ਼ਕਤੀ ਹੁੰਦੀ ਹੈ। ■

– ਲਖਵਿੰਦਰ ਸੁਮਨ



# ਕੀ ਤੁਸੀਂ ਜਾਣਦੇ ਹੋ


- ❖ ਹਰ ਰੋਜ਼ ਕੁੱਝ ਨਵਾਂ ਸਿੱਖੋ, ਸਿੱਖਣਾ ਜ਼ਿੰਦਗੀ ਦੀ ਇੱਕ ਮਹੱਤਵਪੂਰਨ ਕਿਰਿਆ ਹੈ।
- ❖ ਸਕਾਰਾਤਮਕਤਾ ਫੈਲਾਓ, ਆਤਮ ਵਿਸ਼ਵਾਸ ਨਾਲ ਚੱਲੋ ਅਤੇ ਆਪਣੇ ਭਾਵ ਨੂੰ ਸ਼ਬਦਾਂ ਨਾਲੋਂ ਉੱਚਾ ਬੋਲਣ ਦਿਓ।
- ❖ ਆਪਣੇ ਆਪ ਤੇ ਵਿਸ਼ਵਾਸ ਰੱਖੋ ਅਤੇ ਤੁਸੀਂ ਮਹਾਨ ਚੀਜ਼ਾਂ ਪ੍ਰਾਪਤ ਕਰੋਗੇ।
- ❖ ਅਨੁਸ਼ਾਸਨ ਵਿੱਚ ਰਹਿ ਕੇ ਹੀ ਵਧੀਆ ਸਿੱਖਿਆ ਜਾ ਸਕਦਾ ਹੈ।
- ❖ ਸਕਾਰਾਤਮਕ ਸੋਚ ਨਾਲ ਸਾਨੂੰ ਸਫ਼ਲਤਾ ਪ੍ਰਾਪਤ ਹੁੰਦੀ ਹੈ।
- ❖ ਦੂਜਿਆਂ ਲਈ ਦਿਆਲੂ ਬਣੋ ਭਾਵੇਂ ਉਹ ਤੁਹਾਡੇ ਲਈ ਦਿਆਲੂ ਨਾ ਹੋਵੇ।
- ❖ ਹਰ ਇੱਕ ਦਿਨ ਦਿਆਲੂ ਤੇ ਮਦਦਗਾਰ ਬਣਨ ਦਾ ਇੱਕ ਨਵਾਂ ਮੌਕਾ ਹੁੰਦਾ ਹੈ।
- ❖ ਸਿੱਖਣ ਦੀ ਕੋਈ ਉਮਰ ਨਹੀਂ ਹੁੰਦੀ ਹੈ, ਬਸ ਸਿੱਖਣਾ ਸ਼ੁਰੂ ਕਰੋ।
- ❖ ਜਿਹਨਾ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਦੀ ਹਿੰਮਤ ਰੱਖਦਾ ਹੈ ਉਹ ਹਰ ਮੁਸ਼ਕਿਲ ਨੂੰ ਪਾਰ ਕਰ ਸਕਦਾ ਹੈ।

ਸੰਗ੍ਰਹਿ ਕਰਤਾ : ਸ਼ਾਲੂ ਬਜਾਜ

- ❖ ਭਾਰਤ ਦੇ ਕਿਸ ਰਾਜ ਵਿੱਚ ਸਭ ਤੋਂ ਪਹਿਲਾਂ ਸੂਰਜ ਨਿਕਲਦਾ ਹੈ?
  – ਅਰੁਣਾਚਲ ਪ੍ਰਦੇਸ਼
- ❖ ਦੂਰਬੀਨ ਦਾ ਆਵਿਸ਼ਕਾਰ ਕਿਸਨੇ ਕੀਤਾ?
  – ਗੈਲੀਲੀਓ
- ❖ ਭਾਰਤ ਵਿਚ ਕੁੱਲ ਕਿੰਨੇ ਰਾਜ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਹਨ?
  – 28 ਰਾਜ ਅਤੇ 8 ਕੇਂਦਰ ਸ਼ਾਸਿਤ ਪ੍ਰਦੇਸ਼
- ❖ ਚੰਦ ਤੇ ਸਭ ਤੋਂ ਪਹਿਲਾ ਪਾਣੀ ਦੀ ਖੋਜ ਕਿਸ ਦੇਸ਼ ਨੇ ਕੀਤੀ ਸੀ?
  – ਭਾਰਤ ਨੇ
- ❖ ਮੋਬਾਇਲ ਦੀ ਖੋਜ ਕਿਸਨੇ ਕੀਤੀ ਸੀ?
  – ਮਾਰਟਿਨ ਕੂਪਰ
- ❖ ਦੁਨੀਆਂ ਦਾ ਸਭ ਤੋਂ ਵੱਡਾ ਦੇਸ਼ ਕਿਹੜਾ ਹੈ?
  – ਰੂਸ
- ❖ ਚਾਹ ਦੀ ਖੋਜ ਕਿਸ ਦੇਸ਼ ਵਿੱਚ ਹੋਈ ਸੀ?
  – ਚੀਨ
- ❖ ਦੁਨੀਆਂ ਵਿੱਚ ਕੁੱਲ ਕਿੰਨੇ ਦੇਸ਼ ਹਨ?
  – 195
- ❖ ਇਨਸਾਨ ਦੇ ਸਰੀਰ ਵਿਚ ਸਭ ਤੋਂ ਛੋਟੀ ਹੱਡੀ ਕਿੱਥੇ ਹੁੰਦੀ ਹੈ?
  – ਕੰਨ ਵਿੱਚ

ਸੰਗ੍ਰਹਿ ਕਰਤਾ : ਪ੍ਰੀਤ

# ਅਪ੍ਰੈਲ ਮਹੀਨੇ ਦੇ ਮਸਤੀਮਈ ਦਿਨ





24 ਅਪ੍ਰੈਲ
ਮਾਨਵ ਏਕਤਾ ਦਿਵਸ
(Human Unity Day)



5 ਅਪ੍ਰੈਲ
ਰਾਸ਼ਟਰੀ ਸਮੁੰਦਰੀ ਦਿਵਸ
(National Maritime Day)



17 ਅਪ੍ਰੈਲ
ਵਿਸ਼ਵ
ਹਿਮੋਫਿਲੀਆ ਦਿਵਸ
(World
Hemophilia Day)



7 ਅਪ੍ਰੈਲ
ਵਿਸ਼ਵ ਸਿਹਤ ਦਿਵਸ
(World Health Day)



22 ਅਪ੍ਰੈਲ
ਪ੍ਰਿਥਵੀ ਦਿਵਸ
(Earth Day)



23 ਅਪ੍ਰੈਲ
ਵਿਸ਼ਵ ਪੁਸਤਕ ਅਤੇ
ਕਾਪੀਰਾਈਟ ਦਿਵਸ
(World Book
and Copyright Day)



10 ਅਪ੍ਰੈਲ
ਵਿਸ਼ਵ
ਹੋਮਿਉਪੈਥੀ ਦਿਵਸ
(World
Homeopathy Day)



25 ਅਪ੍ਰੈਲ
ਵਿਸ਼ਵ ਮਲੇਰੀਆ ਦਿਵਸ
(World Malaria Day)



11 ਅਪ੍ਰੈਲ
ਰਾਸ਼ਟਰੀ ਸੁਰੱਖਿਅਤ
ਮਾਂ ਦਿਵਸ
(National Safe
Motherhood Day)



21 ਅਪ੍ਰੈਲ
ਅੰਤਰਰਾਸ਼ਟਰੀ ਡਾਂਸ ਦਿਵਸ
(International Dance Day)



14 ਅਪ੍ਰੈਲ
ਅੰਬੇਡਕਰ ਜੈਯੰਤੀ
(Dr. B R Ambedkar Jayanti)

# ਸਰੀਰ ਦੀ ਤਸਵੀਰ ਨਾਲ ਸੰਬੰਧਿਤ ਸਮੱਸਿਆਵਾਂ



## ਮੰਮੀ, ਪਾਪਾ ਅਤੇ ਗੱਪਾਂ



### ਕੀ ਕਰੀਏ

- ਸਿੱਧੀ ਗੱਲਬਾਤ ਕਰਾਂ ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡਾ ਬੱਚਾ ਆਪਣੇ ਸਰੀਰ ਦੇ ਬਾਰੇ ਵਿੱਚ ਨਕਾਰਾਤਮਕ ਵਿਚਾਰ ਕਰ ਰਿਹਾ ਹੈ, ਤਾਂ ਉਸ ਨਾਲ ਉਸ ਦੇ ਸਰੀਰ ਨਾਲ ਸੰਬੰਧਿਤ ਭਾਵਨਾਵਾਂ ਦੇ ਬਾਰੇ ਗੱਲਬਾਤ ਕਰੋ, ਉਹਨੂੰ ਕੀ ਗਲਤ ਲੱਗ ਰਹੀਆਂ ਹਨ ਅਤੇ ਉਹ ਆਪਣੇ ਦੋਸਤਾਂ ਦੇ ਨਾਲ ਇਸ ਵਿਸ਼ੇ ਤੇ ਕਿਹੜੀ ਗੱਲਬਾਤ ਕਰ ਰਿਹਾ ਹੈ।

### ਕੀ ਨਾ ਕਰੀਏ

- ਆਪਣੇ ਬੱਚੇ ਦੇ ਸਰੀਰ ਦੀ ਤੁਲਨਾ ਹੋਰ ਬੱਚਿਆਂ ਨਾਲ ਨਾ ਕਰੋ, ਦੂਜਿਆਂ ਦੇ ਬੱਚਿਆਂ ਦੇ ਸਰੀਰ ਤੇ ਟਿੱਪਣੀ ਕਰਨ ਤੋਂ ਬਚੋ ਅਤੇ ਉਹਨਾਂ ਨੂੰ ਆਪਣੇ ਬੱਚੇ ਨਾਲ ਤੁਲਨਾ ਨਾ ਕਰੋ। ਅਜਿਹਾ ਕਰਨ ਨਾਲ ਤੁਹਾਡੇ ਬੱਚੇ ਨੂੰ ਹੋਰ ਜ਼ਿਆਦਾ ਅਸੁਰੱਖਿਆ ਮਹਿਸੂਸ ਹੋਵੇਗੀ।

- ਪੂਰੀ ਸਿਹਤ ਤੇ ਧਿਆਨ ਕੇਂਦਰਿਤ ਕਰੋ। ਸਿਹਤ ਖੁਰਾਕ ਦੀਆਂ ਆਦਤਾਂ ਅਤੇ ਨਿਯਮਿਤ ਸਰੀਰਕ ਗਤੀਵਿਧੀਆਂ ਨੂੰ ਵਧਾਓ, ਤਾਂਕਿ ਪੂਰਾ ਕਲਿਆਣ ਵਧੇ ਨਾ ਕਿ ਸਿਰਫ ਭਾਰ ਘਟਾਉਣ ਜਾਂ ਆਦਰਸ਼ ਰੂਪ ਪ੍ਰਾਪਤ ਕਰਨ ਲਈ।
- ਧੰਨਵਾਦ ਦੀਆਂ ਭਾਵਨਾਵਾਂ ਨੂੰ ਵਿਕਸਿਤ ਕਰੋ ਆਪਣੇ ਬੱਚਿਆਂ ਨੂੰ ਉਹਨਾਂ ਦੇ ਸਰੀਰ ਦੀਆਂ ਵਿਲੱਖਣ ਵਿਸ਼ੇਸ਼ਤਾਵਾਂ ਦੀ ਸਰਾਹਨਾ ਕਰਨ ਵਿੱਚ ਮਦਦ ਕਰੋ, ਅਤੇ ਇਹ ਪ੍ਰਗਟ ਕਰਨ ਵਿੱਚ ਮਦਦ ਕਰੋ ਕਿ ਉਸ ਦਾ ਸਰੀਰ ਕੀ ਕਰ ਸਕਦਾ ਹੈ, ਇਸ ਦੇ ਲਈ ਉਹ ਧੰਨਵਾਦੀ ਹਨ।
- ਬੀਮਾਰ ਮੀਡੀਆ ਦਾ ਪ੍ਰਭਾਵ ਸੀਮਿਤ ਕਰੋ। ਆਪਣੇ ਬੱਚੇ ਨਾਲ ਇਸ ਬਾਰੇ ਗੱਲ ਕਰੋ ਕਿ ਕਿਵੇਂ ਸ਼ੋਸ਼ਲ ਮੀਡੀਆ, ਫਿਲਮਾਂ ਅਤੇ ਵੇਬ ਸੀਰੀਜ ਅਕਸਰ ਇਕੋ ਜਿਹੇ ਸਰੀਰ ਪ੍ਰਕਾਰ ਵਾਲੇ ਲੋਕਾਂ ਨੂੰ ਵਿਖਾਉਂਦੇ ਹਨ, ਜਿਸ ਨਾਲ ਸਾਡੇ ਦਿਮਾਗ ਵਿੱਚ ਆਦਰਸ਼ ਸਰੀਰ ਦੇ ਬਾਰੇ ਵਿੱਚ ਅਸਥਾਈ ਵਿਸ਼ਵਾਸ ਬਣ ਜਾਂਦੇ ਹਨ।
- ਲੋੜ ਪੈਣ ਤੇ ਪੇਸ਼ੇਵਰ ਮਦਦ ਲਓ। ਜੇਕਰ ਤੁਹਾਡਾ ਬੱਚਾ ਆਪਣੀ ਮੌਜੂਦਗੀ ਨੂੰ ਲੈ ਕੇ ਬਹੁਤ ਜ਼ਿਆਦਾ ਤਨਾਵ ਵਿੱਚ ਹੈ ਅਤੇ ਵਾਰ-ਵਾਰ ਗੈਰ-ਸਿਹਤਮੰਦ ਆਦਤਾਂ ਜਿਵੇਂ ਵਧੇਰੇ ਖਾਣ ਅਤੇ ਉਲਟੀ ਕਰਨ ਦਾ ਸਹਾਰਾ ਲੈਂਦਾ ਹੈ, ਤਾਂ ਲੰਮੇ ਸਮੇਂ ਦੇ ਸਮਰਥਨ ਲਈ ਇੱਕ ਪੇਸ਼ੇਵਰ ਮਨੋਵਿਗਿਆਨਕ ਦੀ ਸਲਾਹ ਲਓ। ■
- ਆਪਣੇ ਬੱਚੇ ਦੇ ਸਰੀਰ ਦੀ ਆਲੋਚਨਾ ਨਾ ਕਰੋ। ਆਪਣੇ ਬੱਚੇ ਦੇ ਭਾਰ, ਆਕਾਰ ਜਾਂ ਰੰਗਰੂਪ ਤੇ ਵਾਰ-ਵਾਰ ਨਕਾਰਾਤਮਕ ਟਿੱਪਣੀ ਨਾ ਕਰੋ।
- ਖੁਰਾਕ ਜਾਂ ਖਾਣੇ ਤੇ ਪਾਬੰਧੀ ਨਾ ਲਗਾਓ। ਆਪਣੇ ਬੱਚੇ ਨੂੰ ਖੁਰਾਕ ਖਾਣ ਲਈ ਮਜ਼ਬੂਰ ਨਾ ਕਰੋ, ਜਾਂ ਭੋਜਨ ਨੂੰ ਸੀਮਿਤ ਨਾ ਕਰੋ। ਸਗੋਂ ਉਸ ਨੂੰ ਸਿਹਤਮੰਦ ਖਾਣਾ ਖਾਣ ਦੀਆਂ ਆਦਤਾਂ ਅਪਨਾਉਣ ਲਈ ਪ੍ਰੇਰਿਤ ਕਰੋ।
- ਰੂਪ-ਰੰਗ ਨੂੰ ਵਧੇਰੇ ਮਹੱਤਵ ਨਾ ਦਿਉ। ਆਪਣੇ ਬੱਚੇ ਦੀਆਂ ਵਿਸ਼ੇਸ਼ਤਾਵਾਂ, ਹੁਨਰ ਅਤੇ ਪ੍ਰਤੀਭਾਵਾਂ ਦੀ ਸ਼ਲਾਂਘਾ ਕਰੋ ਨਾ ਕਿ ਉਸ ਦੇ ਸਰੀਰ ਬਾਰੇ ਗੱਲਾਂ ਕਰੋ।
- ਨਿਰਾਸ਼ਾਜਨਕ ਜਾਂ ਤੁੱਛ ਨਾ ਬਣਾਓ। ਐਨਾ ਨਾ ਸੋਚੋ ਜਾਂ ਦਿਖਾਵੇ ਦੇ ਬਾਰੇ ਵਧੇਰੇ ਨਾ ਸੋਚੋ ਜਿਵੇਂ ਸ਼ਬਦਾਂ ਨਾਲ ਸਮੱਸਿਆ ਨੂੰ ਹਲਕੇ ਵਿੱਚ ਨਾ ਲਓ। ਇਸ ਦੀ ਬਜਾਏ ਇੱਕ ਇਮਾਨਦਾਰ ਗੱਲਬਾਤ ਕਰੋ ਅਤੇ ਆਪਣੇ ਬੱਚਿਆਂ ਨੂੰ ਉਹਨਾਂ ਦੇ ਸਰੀਰ ਦੇ ਪ੍ਰਤੀ ਇੱਕ ਚੰਗੀ ਸੋਚ ਬਣਾਉਣ ਵਿੱਚ ਮਦਦ ਕਰੋ। ■




ਨੱਕ ਤੇ ਚੜ ਕੇ ਕੰਨ ਫੜ ਕੇ,
ਲੋਕਾਂ ਨੂੰ ਹੈ ਪੜਾਉਂਦੀ।
ਪਛਾਣੋ ਮੈਂ ਕੌਣ?

ਉੱਤਰ : ਐਨਕ




## ਯੁੱਗਪ੍ਰਵਰਤਕ ਬਾਬਾ ਗੁਰਬਚਨ ਸਿੰਘ ਜੀ ਸਿਖਾ ਗਏ

# ਜੀਵਨ ਜਿਉਣ ਦਾ ਢੰਗ

ਇੱਕ ਵਾਰ ਮਸੂਰੀ ਵਿੱਚ ਹਜ਼ੂਰ ਬਾਬਾ ਗੁਰਬਚਨ ਸਿੰਘ ਜੀ ਦੀਆਂ ਪੁੱਤਰੀਆਂ ਅਤੇ ਭੈਣ ਭਗਵੰਤ ਜੀ ਕੁੱਝ ਹੋਰ ਮਹਾਂਪੁਰਸ਼ਾਂ ਦੇ ਨਾਲ ਸੈਰ-ਸਪਾਟੇ ਲਈ ਨਿਕਲੇ। ਜਦੋਂ ਸ਼ਾਮ ਹੋਈ ਤਾਂ ਉਹ ਬਜ਼ਾਰ ਤੋਂ ਹੀ ਸਿਨੇਮਾਘਰ ਚਲੇ ਗਏ। ਉਨ੍ਹੀਂ ਦਿਨੀਂ ਹਰ ਰੋਜ਼ ਸ਼ਾਮ ਨੂੰ 4 ਤੋਂ 6 ਵਜੇ ਤੱਕ ਸਤਿਸੰਗ ਹੁੰਦਾ ਸੀ। ਪਰ ਇਹ ਸਾਰੇ ਲੋਕ ਸ਼ਾਮ ਦੇ ਸਤਿਸੰਗ ਵਿੱਚ ਹਾਜ਼ਿਰ ਹੋਣ ਦੀ ਬਜਾਏ ਸਿਨੇਮਾ ਵੇਖਣ ਦੇ ਬਾਅਦ ਉਥੋਂ ਕਿਸੇ ਹੋਟਲ ਵਿੱਚ ਖਾਣਾ ਖਾ ਕੇ ਰਾਤ ਨੂੰ ਲਗਭਗ 10 ਵਜੇ ਭਵਨ ਵਿੱਚ ਪਹੁੰਚੇ। ਉਸ ਦਿਨ ਜਿਹੜੇ ਮਹਾਂਪੁਰਸ਼ਾਂ ਵੱਲੋਂ ਰਾਤ ਦਾ ਲੰਗਰ ਸੀ, ਉਹ ਭਵਨ ਵਿੱਚ ਠਹਿਰੀ ਹੋਈ ਸਾਰੀ ਸਾਧ ਸੰਗਤ ਨੂੰ ਲੰਗਰ ਛਕਾ ਕੇ, ਹਜ਼ੂਰ ਦੇ ਬੱਚਿਆਂ ਦੇ ਵਾਪਸ ਆਉਣ ਦੀ ਉਡੀਕ ਕਰ ਰਹੇ ਸਨ। ਜਦੋਂ ਇਹ ਗਰੁੱਪ ਵਾਪਿਸ ਭਵਨ ਤੇ ਪਹੁੰਚਿਆਂ ਤਾਂ ਹਜ਼ੂਰ ਬਾਬਾ ਜੀ ਭਵਨ ਦੇ ਸਾਹਮਣੇ ਵਾਲੀ ਸੜਕ ਤੇ ਸੈਰ ਕਰ ਰਹੇ ਸਨ। ਆਪ ਜੀ ਨੂੰ ਸਾਹਮਣੇ ਵੇਖ ਕੇ ਬੱਚਿਆਂ ਦੇ ਨਾਲ ਗਏ ਸਾਰੇ ਮਹਾਂਪੁਰਸ਼ ਸ਼ਰਮ ਨਾਲ ਪਾਣੀ-ਪਾਣੀ ਹੋ ਗਏ। ਜਦ ਇੱਕ-ਇੱਕ ਕਰਕੇ ਨਮਸਕਾਰ ਕਰ ਲਈ ਤਾਂ ਹਜ਼ੂਰ ਨੇ ਪੁੱਛਿਆ, ''ਐਨੀ ਦੇਰ ਕਿੱਥੇ ਰਹਿ ਗਏ?'' ਸ਼ਰਮ ਨਾਲ ਅੱਖਾਂ ਝੁਕਾਏ ਸਾਰੇ ਮੂਰਤੀਆਂ ਬਣੇ ਖੜੇ ਸਨ। ਅੰਤਰਯਾਮੀ ਸਤਿਗੁਰੂ ਖੁਦ ਹੀ ਬੋਲ ਪਏ, ''ਪਹਿਲਾਂ ਕੰਪਨੀ ਬਾਗ, ਫਿਰ ਬਜ਼ਾਰ, ਫਿਰ ਸਿਨੇਮਾ ਅਤੇ ਹੁਣ ਬਾਹਰ ਤੋਂ ਖਾ - ਪੀ ਕੇ ਆ ਰਹੇ ਹੋ। ਤੁਹਾਨੂੰ ਨਾ ਹੀ ਸਤਿਸੰਗ ਦਾ ਸਮਾਂ ਯਾਦ ਰਿਹਾ ਅਤੇ ਨਾ ਹੀ ਇਹ ਯਾਦ ਰਿਹਾ ਕਿ ਮਹਾਂਪੁਰਸ਼ਾਂ ਨੇ ਰਾਤ ਦਾ ਲੰਗਰ ਸਵੀਕਾਰ ਕਰਨ ਦੀ ਪ੍ਰਾਰਥਨਾ ਕੀਤੀ ਸੀ। ਉਹ ਮਹਾਂਪੁਰਸ਼ ਹੁਣ ਤੱਕ ਤੁਹਾਡੀ ਉਡੀਕ ਵਿੱਚ ਬੈਠੇ ਹਨ, ਉਹਨਾਂ ਨੇ ਖੁਦ ਵੀ ਖਾਣਾ ਨਹੀਂ ਖਾਧਾ।''

ਬਾਬਾ ਗੁਰਬਚਨ ਸਿੰਘ ਜੀ ਦੀ ਇਹ ਸਿੱਖਿਆਤਮਿਕ ਝਿੜਕ ਸੁਣ ਕੇ ਮਨਮੋਹਣ ਅਤੇ ਜਗਜੀਤ ਜੀ ਨੇ ਚਰਨਾਂ ਤੇ ਸਿਰ ਰੱਖ ਦਿੱਤਾ। ਜਗਜੀਤ ਜੀ ਤਾਂ ਉਂਝ ਹੀ ਹਸਮੁੱਖ ਸੁਭਾਅ ਦੇ ਹਨ ਉਸ ਦਿਨ ਵੀ ਉਹਨਾਂ ਨੇ ਆਪਣੀ ਭੁੱਲ ਸਵੀਕਾਰ ਕਰਦੇ ਹੋਏ ਕਿਹਾ, ''ਬਾਬਾ ਜੀ ਬੱਚੇ ਹਾਂ ਗਲਤੀਆਂ ਤਾਂ ਹੋ ਹੀ ਜਾਂਦੀਆਂ ਹਨ। ਅੱਜ ਕਿਰਪਾ ਕਰਕੇ ਬਖਸ਼ ਦਿਉ ਅਤੇ ਅੱਗੇ ਲਈ ਸਮੱਤ ਬਖਸ਼ਣਾ।'' ਹਜ਼ੂਰ ਨੇ ਸਮਝਾਉਂਦੇ ਹੋਏ ਕਿਹਾ, ''ਜੇਕਰ ਜੀਵਨ ਵਿੱਚ ਸੁੱਖ ਲੈਣਾ ਚਾਹੁੰਦੇ ਹੋ ਤਾਂ ਸੰਗਤ ਅਤੇ ਮਹਾਂਪੁਰਸ਼ਾਂ ਦੀਆਂ ਭਾਵਨਾਵਾਂ ਦੀ ਕਦਰ ਕਰਨਾ ਸਿੱਖੋ। ਯਾਦ ਰੱਖਣਾ ਸੰਤ-ਮਹਾਂਪੁਰਸ਼ਾਂ ਦੀ ਸ਼ਰਧਾ ਅਤੇ ਪਿਆਰ ਨਾਲ ਭਰਪੂਰ ਰੁੱਖੀ-ਸੁੱਕੀ ਰੋਟੀ ਵੀ ਵੱਡੇ ਤੋਂ ਵੱਡੇ ਹੋਟਲ ਦੇ ਮਹਿੰਗੇ ਪਕਵਾਨਾਂ ਤੋਂ ਚੰਗੀ ਅਤੇ ਸੁਖਦਾਈ ਹੁੰਦੀ ਹੈ। ਆਪ ਸਭ ਤਾਂ ਗੁਰਸਿੱਖ ਹੋ, ਤੁਹਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਦੁਨੀਆਂ ਦੇ ਸਾਰੇ ਰੰਗ ਤਮਾਸ਼ਿਆਂ ਤੋਂ ਜ਼ਿਆਦਾ ਪੱਕਾ ਰੰਗ ਅਤੇ ਆਨੰਦ ਸਾਧ ਸੰਗਤ ਵਿੱਚੋਂ ਮਿਲਦਾ ਹੈ। ਸਤਿਸੰਗ ਨੂੰ ਛੱਡ ਕੇ ਕਿਸੇ ਹੋਰ ਪਾਸੇ ਧਿਆਨ ਦੇਣਾ ਮਹਾਂਪੁਰਸ਼ਾਂ ਨੂੰ ਸ਼ੋਭਾ ਨਹੀਂ ਦਿੰਦਾ।''

ਹਜ਼ੂਰ ਫਰਮਾ ਹੀ ਰਹੇ ਸਨ ਕਿ ਆਪ ਜੀ ਦੀਆਂ ਸਪੁੱਤਰੀਆਂ ਦੇ ਨਾਲ ਗਏ ਬਾਕੀ ਸਾਰੇ ਮਹਾਂਪੁਰਸ਼ ਅਤੇ ਭਗਵੰਤ ਜੀ ਨੇ ਚਰਨਾਂ ਤੇ ਸਿਰ ਰੱਖ ਕੇ ਅਰਦਾਸ ਕੀਤੀ, ''ਬਾਬਾ ਜੀ ਸਾਨੂੰ ਬਖਸ਼

ਦਿਉ। ਅਜਿਹੀ ਕਿਰਪਾ ਕਰੋ ਕਿ ਫਿਰ ਇਹੋ ਜਿਹੀ ਭੁੱਲ ਨਾ ਹੋਵੇ।''ਆਪ ਜੀ ਨੇ ਸਾਰਿਆਂ ਨੂੰ ਮਾਫੀ ਦੇ ਢੰਗ ਨਾਲ ਥਪਕੀ ਦਿੰਦੇ ਹੋਏ ਫਰਮਾਇਆ, ''ਜਾਓ, ਉਹ ਮਹਾਂਪੁਰਸ਼ ਭੋਜਨ ਲਈ ਤੁਹਾਡੀ ਉਡੀਕ ਕਰ ਰਹੇ ਹਨ, ਉਸ ਨੂੰ ਪਰਵਾਨ ਕਰੋ, ਤਾਂਕਿ ਉਹਨਾਂ ਨੂੰ ਵੀ ਖੁਸ਼ੀ ਮਿਲ ਜਾਵੇ। ਜੇਕਰ ਮਹਾਂਪੁਰਸ਼ ਖੁਸ਼ ਤਾਂ ਸੁੱਖ ਹੀ ਸੁੱਖ।'' ਐਨਾ ਫਰਮਾਉਂਦੇ ਹੋਏ ਬਾਬਾ ਜੀ ਅੱਗੇ ਨਿਕਲ ਗਏ। ਇਸ ਗਰੁੱਪ ਦੇ ਸਾਰੇ ਮਹਾਂਪੁਰਸ਼ ਇੱਕ ਪਾਸੇ ਆਪਣੀ ਭੁੱਲ ਦਾ ਅਹਿਸਾਸ ਕਰਕੇ ਸ਼ਰਮਿੰਦਾ ਹੋ ਰਹੇ ਸਨ ਅਤੇ ਦੂਜੇ ਪਾਸੇ ਆਪਦੇ ਖਿਮਾਦਾਨ ਅਤੇ ਸਿੱਖਿਆ ਤੇ ਮਾਣ ਵੀ ਕਰ ਰਹੇ ਸਨ ਕਿ ਹਜ਼ੂਰ ਸੱਚੇ ਪਾਤਸ਼ਾਹ ਜੀ ਨੇ ਸਾਨੂੰ ਗੁਰਮੱਤ ਦੀ ਸਹੀ ਰਾਹ ਤੇ ਵਾਪਿਸ ਖੜਾ ਕੀਤਾ ਹੈ।



ਹਜ਼ੂਰ ਬਾਬਾ ਜੀ ਖੁਦ ਵੀ ਬੱਚੇ-ਬੱਚੇ ਦੀ ਭਾਵਨਾ ਦੀ ਕਦਰ ਕਰਦੇ ਸਨ। ਆਪਣੇ ਭਗਤਾਂ ਦੀ ਸ਼ਰਧਾ, ਪਿਆਰ ਅਤੇ ਸੇਵਾ ਭਾਵ ਨੂੰ ਉਹ ਸਦਾ ਹੀ ਸਨਮਾਨ ਦਿੰਦੇ ਸਨ ਅਤੇ ਸਾਰਿਆਂ ਨੂੰ ਪੂਰਾ ਅਸ਼ੀਰਵਾਦ ਪ੍ਰਦਾਨ ਕਰਦੇ ਸਨ। ਇੱਕ ਵਾਰ ਸਮਾਗਮ ਦੇ ਦਿਨਾਂ ਦੀ ਗੱਲ ਹੈ। ਇਹ ਗੱਲ ਕਿਸੇ ਤੋਂ ਵੀ ਲੁਕੀ-ਢੱਕੀ ਨਹੀਂ ਹੈ ਕਿ ਦਿੱਲੀ ਦੇ ਸਾਲਾਨਾ ਸੰਤ ਸਮਾਮਗ ਦੇ ਮੌਕੇ ਤੇ ਕਈ-ਕਈ ਦਿਨ ਆਪ ਸਿਰਫ ਇੱਕ ਜਾਂ ਦੋ ਘੰਟੇ ਹੀ ਸੌਂਦੇ ਸਨ। ਸੋਮਵਾਰ ਨੂੰ ਸਮਾਗਮ ਸੰਪੰਨ ਹੋਇਆ ਅਤੇ ਮੰਗਲਵਾਰ ਨੂੰ ਵੀ ਸਮਾਗਮ ਸਥਾਨ ਤੇ ਕਈ ਘੰਟੇ ਲਗਾਤਾਰ ਨਮਸਕਾਰ ਹੁੰਦੀ ਰਹੀ ਅਤੇ ਸੰਗਤ ਵੀ ਚਲਦੀ ਰਹੀ। ਰਾਤ ਲਗਭਗ ਇੱਕ ਵਜੇ ਆਰਾਮ ਕਰਨ ਲਈ ਹਜ਼ੂਰ ਆਪਣੇ ਨਿਵਾਸ ਸਥਾਨ ਤੇ ਗਏ। ਆਪਣੇ ਬੈਂਡਰੂਮ ਦੇ ਬਾਹਰ ਵਾਲੇ ਬਰਾਂਡੇ ਵਿੱਚ ਹੀ ਆਪ ਪਲੰਘ ਤੇ ਅਰਾਮ ਕਰ ਰਹੇ ਸਨ। ਰਾਤ ਦੇ ਲਗਭਗ ਡੇਢ-ਪੌਣੇ ਦੋ ਵਜੇ ਇੱਕ ਮਹਾਤਮਾ ਇਕਬਾਲਜੀਤ ਰਾਏ ਜੀ, ਜਿਹਨਾਂ ਦੀ ਸਵੇਰ ਦੀ ਉਡਾਨ (ਫਲਾਈਟ) ਸੀ ਅਤੇ ਜਿਹੜੇ ਅਮਰੀਕਾ ਜਾ ਰਹੇ ਸਨ, ਉਹਨਾਂ ਨੇ ਸੇਵਾਦਾਰ ਮਹਾਂਪੁਰਸ਼ ਨੂੰ ਬੇਨਤੀ ਕੀਤੀ ਅਤੇ ਅੰਦਰ ਬਰਾਂਡੇ ਵਿੱਚ ਪਹੁੰਚ ਗਏ। ਹਜ਼ੂਰ ਦੀ ਪਿੱਠ ਦਰਵਾਜ਼ੇ ਵੱਲ ਸੀ। ਉਹ ਮਹਾਂਪੁਰਸ਼ ਸਮਝੇ ਕਿ ਸ਼ਾਇਦ ਹਜ਼ੂਰ ਦੀ ਅੱਖ ਲੱਗ ਗਈ ਹੈ। ਉਹਨਾਂ ਨੇ ਦਰਵਾਜ਼ੇ ਦੇ ਕੋਲ ਹੀ ਪਈ ਹੋਈ ਮੇਜ਼ ਆਪਣੀ ਨਮਸਕਾਰ ਦੀ ਮਾਇਆ ਰੱਖ ਕੇ ਦੂਰ ਤੋਂ ਹੀ ਹੱਥ ਜੋੜ ਕੇ ਨਮਸਕਾਰ ਕੀਤੀ ਅਤੇ ਵਾਪਿਸ ਪਲਟਣ ਲੱਗੇ ਤਾਂ ਇਕਦਮ ਭਗਤਵਤਸਲ ਸਤਿਗੁਰੂ ਨੇ ਆਪਣੀ ਮਿੱਠੀ ਆਵਾਜ਼ ਵਿੱਚ ਪੁਕਾਰਿਆ, ''ਹਾਂ ਜੀ ਇਕਬਾਲ ਜੀ! ਬਿਨਾ ਮਿਲੇ ਹੀ ਜਾ ਰਹੇ ਹੋ। ਸਵੇਰ ਦੀ ਫਲਾਇਟ ਹੈ ਨਾ!'' ਇਹ ਕਹਿੰਦੇ ਹੋਏ ਆਪ ਇਸ ਤਰ੍ਹਾਂ ਉੱਠ ਕੇ ਬਹਿ ਗਏ ਜਿਵੇਂ ਕਿ ਪਹਿਲਾਂ ਤੋਂ ਹੀ ਜਾਗ ਰਹੇ ਹੋਣ। ਆਪ ਜੀ ਨੇ ਅੱਧੀ ਰਾਤ ਨੂੰ ਵੀ ਉਸ ਮਹਾਂਪੁਰਸ਼ ਨੂੰ ਭਰਪੂਰ ਅਸ਼ੀਰਵਾਦ ਦੇ ਕੇ ਵਿਦਾ ਕੀਤਾ। ■

ਕਹਾਣੀ ਦੀ ਕਹਾਣੀ



# ਚੱਲੋ ਇੱਕ ਹੋ ਜਾਓ



ਸੁਰਖਾਬ ਨਾਮ ਦਾ ਇੱਕ ਸ਼ਹਿਰ ਸੀ। ਜਿੱਥੇ ਵੱਖ-ਵੱਖ ਧਰਮਾਂ ਦੇ ਲੋਕ ਇਕੱਠੇ ਰਹਿੰਦੇ ਸਨ।

ਇਹ ਸ਼ਹਿਰ ਆਪਣੀਆਂ ਅਮੀਰ ਪਰੰਪਰਾਵਾਂ ਲਈ ਜਾਣਿਆ ਜਾਂਦਾ ਸੀ, ਜਿੱਥੇ ਲੋਕ ਆਪਣੇ-ਆਪਣੇ ਤਿਉਹਾਰ ਮਨਾਉਂਦੇ ਸਨ, ਪਰ ਇੱਕ ਦੂਜੇ ਦੇ ਤਿਉਹਾਰਾਂ ਵਿੱਚ ਘੱਟ ਹੀ ਹਿੱਸਾ ਲੈਂਦੇ ਸਨ।

ਸਮੇਂ ਦੇ ਨਾਲ, ਇਸ ਵਿਛੋੜੇ ਨੇ ਭਾਈਚਾਰਿਆਂ ਵਿਚਕਾਰ ਦੂਰੀ ਬਣਾ ਦਿੱਤੀ, ਹਾਲਾਂਕਿ ਕਿਸੇ ਦੇ ਮਨ ਵਿੱਚ ਕੋਈ ਨਫ਼ਰਤ ਨਹੀਂ ਸੀ - ਸਿਰਫ ਅਣਜਾਣਤਾ ਸੀ।

ਇੱਕ ਸਾਲ, ਕੁੱਝ ਅਚਾਨਕ ਵਾਪਰਿਆ, ਸੁਰਖਾਬ ਵਿੱਚ ਬਹੁਤ ਸੋਕਾ ਪਿਆ ਸੀ। ਸ਼ਹਿਰ ਨੂੰ ਪਾਣੀ ਸਪਲਾਈ ਕਰਨ ਵਾਲੀ ਨਦੀ ਸੁੱਕ ਗਈ, ਫਸਲਾਂ ਖ਼ਰਾਬ ਹੋ ਗਈਆਂ ਅਤੇ ਤਣਾਅ ਵੱਧਣ ਲੱਗਾ। ਲੋਕਾਂ ਨੂੰ ਆਪਣੀਆਂ ਲੋੜਾਂ ਦਾ ਫਿਕਰ ਹੋਣ ਲੱਗ ਗਿਆ।

ਜਦੋਂ ਮੀਂਹ ਤੋਂ ਬਿਨਾਂ ਕਈ ਹਫ਼ਤੇ ਬੀਤ ਗਏ, ਸ਼ਹਿਰ ਦੇ ਨੇਤਾ ਸੂਰਿਆ ਨੇ ਕੇਂਦਰੀ ਚੌਂਕ ਵਿੱਚ ਮੀਟਿੰਗ ਬੁਲਾਈ। ਸਾਰੇ ਧਰਮਾਂ ਦੇ ਲੋਕ ਥੱਕੇ-ਥੱਕੇ ਅਤੇ ਚਿੰਤਤ ਨਜ਼ਰ ਆ ਰਹੇ ਸਨ।

''ਅਸੀਂ ਇਸ ਤਰ੍ਹਾਂ ਨਹੀਂ ਬਚ ਸਕਦੇ,'' ਸੂਰਿਆ

ਨੇ ਕਿਹਾ। ''ਪਰ ਜੇ ਸਿਰਫ ਅਸੀਂ ਆਪਣੀਆਂ ਲੋੜਾਂ ਬਾਰੇ ਸੋਚਦੇ ਹਾਂ, ਤਾਂ ਅਸੀਂ ਇਕੱਲੇਪਣ ਦੇ ਸ਼ਿਕਾਰ ਹੋਵਾਂਗੇ। ਆਓ ਮਿਲ ਕੇ ਕੰਮ ਕਰੀਏ, ਨਾ ਕਿ ਵੱਖਰੇ-ਵੱਖਰੇ ਧਾਰਮਿਕ ਸਮੂਹਾਂ ਵਜੋਂ, ਸਗੋਂ ਇੱਕ ਭਾਈਚਾਰੇ ਦੇ ਰੂਪ ਵਿੱਚ।''

ਬਹੁਤ ਘੱਟ ਲੋਕ ਸ਼ਾਮਿਲ ਸਨ, ਪਰ ਆਲੀਆ ਨਾਂ ਦੀ ਇੱਕ ਛੋਟੀ ਕੁੜੀ, ਜਿਸਦੇ ਮਾਂ-ਬਾਪ ਵੱਖ-ਵੱਖ ਧਰਮਾਂ ਨਾਲ ਸੰਬੰਧ ਰੱਖਣ ਵਾਲੇ ਸੀ। ''ਕਿੰਨਾ ਚੰਗਾ ਹੋਵੇਗਾ ਜੇ ਅਸੀਂ ਆਪਣੀਆਂ ਤਾਕਤਾਂ ਨੂੰ ਮਿਲਾ ਲਈਏ? ਹਰ ਧਰਮ ਦਇਆ, ਪਿਆਰ ਅਤੇ ਏਕਤਾ ਦੀ ਸਿੱਖਿਆ ਦਿੰਦਾ ਹੈ। ਜੇਕਰ ਅਸੀਂ ਸਕਾਰਾਤਮਕ ਊਰਜਾ ਦੇ ਨਾਲ ਇੱਕ ਰੂਪ ਵਿੱਚ ਇਕੱਠੇ ਹੁੰਦੇ ਹਾਂ, ਤਾਂ ਸ਼ਾਇਦ ਅਸੀਂ ਇੱਕ ਹੱਲ ਲੱਭ ਸਕਦੇ ਹਾਂ।''

ਇਸ ਵਿਚਾਰ ਨੇ ਭੀੜ ਵਿੱਚ ਕੁੱਝ ਉਤਸ਼ਾਹ ਪੈਦਾ ਕਰ ਦਿੱਤਾ। ਇੱਕ ਬੁੱਧੀਮਾਨ ਪੁਜਾਰੀ ਨੇ ਸਿਰ ਹਿਲਾਇਆ।

''ਸਾਡਾ ਧਰਮ ਸਾਨੂੰ ਲੋੜਵੰਦਾਂ ਦੀ ਮਦਦ ਕਰਨਾ ਸਿਖਾਉਂਦਾ ਹੈ।''

ਇੱਕ ਬਜ਼ੁਰਗ ਇਮਾਮ ਨੇ ਕਿਹਾ, 'ਅਸੀਂ ਚੈਰਿਟੀ ਅਤੇ ਭਾਈਚਾਰਕ ਸਹਿਯੋਗ ਵਿੱਚ ਵਿਸ਼ਵਾਸ ਰੱਖਦੇ ਹਾਂ।''

ਇੱਕ ਮੁਸਕਰਾਉਂਦੀ ਔਰਤ ਨੇ ਕਿਹਾ, ''ਦਇਆ ਸਾਰੇ ਲੋਕਾਂ ਨੂੰ ਜੋੜਦੀ ਹੈ।''

ਇੱਕ ਰੱਬੀ ਵਿਅਕਤੀ ਨੇ ਸਹਿਮਤੀ ਜਤਾਈ, ''ਸਹਿਯੋਗ ਸ਼ਾਂਤੀ ਦੀ ਕੁੰਜੀ ਹੈ।''

ਪ੍ਰੇਰਿਤ ਹੋ ਕੇ ਸੁਰਖਾਬ ਦੇ ਲੋਕਾਂ ਨੇ ਮਿਲ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਾਰੇ ਪਿਛੋਕੜ ਕਿਸਾਨਾਂ ਨੇ ਆਪਣਾ ਬਚਿਆ ਹੋਇਆ ਭੋਜਨ ਸਾਂਝਾ ਕੀਤਾ।


ਹੋਰਨਾਂ ਨੇ ਪਾਣੀ ਇਕੱਠਾ ਕੀਤਾ ਅਤੇ ਸਟੋਰ ਕਰਨ ਦਾ ਕੰਮ ਕੀਤਾ ਗਿਆ।

ਫਿਰ, ਇੱਕ ਚਮਤਕਾਰ ਹੋਇਆ, ਜਿਵੇਂ ਕਿ ਲੋਕ ਸਹਿਯੋਗ ਅਤੇ ਸਕਾਰਾਤਮਕ ਊਰਜਾ ਵਿੱਚ ਇੱਕਜੁੱਟ ਹੋਏ, ਕਾਲੇ ਬੱਦਲਾਂ ਨੇ ਅਸਮਾਨ ਨੂੰ ਢੱਕ ਲਿਆ। ਉਸ ਰਾਤ, ਮਹੀਨਿਆਂ ਵਿੱਚ ਪਹਿਲੀ ਵਾਰ, ਮੀਂਹ ਪਿਆ, ਜਿਸ ਨਾਲ ਸੁੱਕੀ ਜ਼ਮੀਨ ਭਿੱਜ ਗਈ। ਸ਼ਹਿਰ ਦੇ ਲੋਕ ਮੀਂਹ ਵਿੱਚ ਇਕੱਠੇ ਨੱਚਦੇ ਹੋਏ, ਖੁਸ਼ ਹੋ ਰਹੇ ਸੀ। ਹੁਣ ਅਸੀਂ ਵੱਖ ਨਹੀਂ ਹਾਂ ਸਗੋਂ ਇੱਕ ਹੋ ਗਏ ਹਾਂ, ਸਾਰੇ ਪਿੰਡ ਨਿਵਾਸੀ ਕਹਿਣ ਲੱਗੇ। ਉਹਨਾਂ ਦੀ ਇਸ ਏਕਤਾ ਤੋਂ ਪਰਮਾਤਮਾ ਵੀ ਖੁਸ਼ ਹੋਇਆ। ■

– ਅਨਿਲ ਕਾਲੜਾ


**ਕਹਾਣੀ ਦਾ ਮੁੱਖ ਨੁਕਤਾ –**
ਸਹਿਯੋਗ ਅਤੇ ਸਕਾਰਾਤਮਕ ਊਰਜਾ ਕਿਸੇ ਵੀ ਵੰਡ ਨੂੰ ਦੂਰ ਕਰ ਸਕਦੀ ਹੈ, ਸਾਰੇ ਧਰਮਾਂ ਦੇ ਲੋਕਾਂ ਨੂੰ ਇਕੱਠੇ ਲਿਆਉਣਾ ਕੁੱਝ ਸੁੰਦਰ ਅਤੇ ਸਥਾਈ ਸਿਰਜਣਾ ਕਰ ਸਕਦਾ ਹੈ।

## ਚਿੱਤਰ ਵਿੱਚ ਦਿੱਤੇ ਪ੍ਰਾਣੀਆਂ ਨੂੰ ਗਿਣੋ



ਬਹੁਤ ਸਾਲ ਪਹਿਲਾਂ

# ਜੀਵਨ ਦੀ ਉਪਯੋਗਤਾ



ਦੱਖਣ ਭਾਰਤ ਦੇ ਮਹਾਨ ਦਾਰਸ਼ਨਿਕ ਅਤੇ ਕਵੀ ਤਿਰੁਵੱਲੁਵਰ ਫੁਰਸਤ ਦੇ ਪਲਾਂ ਵਿੱਚ ਕੁਦਰਤ ਦੀਆਂ ਹਸੀਨ ਵਾਦੀਆਂ ਦੀ ਪੈਦਲ ਯਾਤਰਾ ਕਰਦੇ। ਕੁਦਰਤ ਦੇ ਬਿਹਤਰੀਨ ਨਜਾਰੇ ਵੇਖ ਕੇ ਉਹਨਾਂ ਦੇ ਦਿਮਾਗ ਵਿੱਚ ਨਵੀਆਂ-ਨਵੀਆਂ ਕਲਪਨਾਵਾਂ ਪੈਦਾ ਹੁੰਦੀਆਂ ਅਤੇ ਉਹ ਸਾਹਿਤ ਦੇ ਪ੍ਰਤੀ ਕੁੱਝ ਨਵਾਂ ਸੰਦੇਸ਼ ਆਪਣੇ ਮਨ ਵਿੱਚ ਸੋਚ ਲੈਂਦੇ। ਉਹਨਾਂ ਨੇ ਕੁਦਰਤ ਦੇ ਰੰਗਾਂ ਵਿੱਚ ਭਿੱਜੀਆਂ ਆਪਣੀਆਂ ਰਚਨਾਵਾਂ ਵਿੱਚ ਕੁਦਰਤ ਦੇ ਸ਼ਿੰਗਾਰ ਦੀ ਅਨੋਖੀ ਤਾਰੀਫ ਕੀਤੀ ਹੈ।

ਤਿਰੁਵੱਲੁਵਰ ਹਮੇਸ਼ਾਂ ਲੋਕਾਂ ਨੂੰ ਸਹੀ ਨਸੀਹਤ ਪ੍ਰਦਾਨ ਕਰਦੇ। ਇੰਝ ਹੀ ਇੱਕ ਦਿਨ ਨਦੀ ਦੇ ਕਿਨਾਰੇ ਤੇ ਬੈਠੇ ਸਨ। ਅਚਾਨਕ ਉਹਨਾਂ ਨੇ ਵੇਖਿਆ ਕਿ ਇੱਕ ਵਿਅਕਤੀ ਨਦੀ ਵਿੱਚ ਕੁੱਦ ਕੇ ਆਪਣੇ ਪ੍ਰਾਣ ਦੇਣਾ ਚਾਹੁੰਦਾ ਹੈ। ਤਿਰੁਵੱਲੁਵਰ ਨੇ ਭੱਜ ਕੇ ਉਸ ਨੂੰ ਫੜ ਲਿਆ ਤਾਂ ਉਸ ਨੇ ਸ਼ਿਕਾਇਤ ਕੀਤੀ – 'ਜਿਹੜੇ ਜੀਵਨ ਦੀ ਕੋਈ ਸਾਰਥਕਤਾ ਨਾ ਹੋਵੇ, ਉਸ ਦੀ ਰੱਖਿਆ ਕਰਨ ਨਾਲ ਕੀ ਲਾਭ?

ਤਿਰੁਵੱਲੁਵਰ ਬੋਲੇ – 'ਵੇਖੋ, ਇਸ ਦੁਨੀਆ ਵਿੱਚ ਧੂੜ ਦਾ ਇੱਕ ਕਣ ਤੱਕ ਵਿਅਰਥ ਨਹੀਂ ਹੈ। ਅਜੇ ਤੈਨੂੰ ਆਪਣਾ ਜੀਵਨ ਆਪਣੇ ਲਈ ਅਣਉਪਯੋਗੀ ਲਗ ਰਿਹਾ ਹੈ, ਪਰ ਨਿਜੀ ਉਪਯੋਗਿਤਾ ਹੀ ਤਾਂ ਇੱਕ ਮਾਤਰ ਉਪਯੋਗਿਤਾ ਨਹੀਂ ਹੈ। ਆਪਣੇ ਲਈ ਨਹੀਂ ਤਾਂ ਦੂਜਿਆਂ ਦੇ ਲਈ ਤੁਸੀਂ ਉਪਯੋਗੀ ਬਣ ਸਕਦੇ


ਹੋ ਅਤੇ ਜਦੋਂ ਤੁਸੀਂ ਆਪਣਾ ਜੀਵਨ ਦੂਜਿਆਂ ਲਈ ਸਮਰਪਿਤ ਕਰ ਦਿਉਗੇ, ਤਾਂ ਆਪਣੇ ਲਈ ਵੀ ਤੁਹਾਡਾ ਜੀਵਨ ਉਪਯੋਗੀ ਸਿੱਧ ਲੱਗੇਗਾ।

ਇਹ ਸੁਣਦੇ ਹੀ ਉਹ ਵਿਅਕਤੀ ਉਹਨਾਂ ਦੇ ਕਦਮਾਂ ਤੇ ਡਿੱਗ ਕੇ ਮਾਫ਼ੀ ਮੰਗਣ ਲੱਗਾ ਅਤੇ ਬੋਲਿਆ- ਮੇਰੇ ਵੱਡੇ ਭਰਾ। ਮੈਂ ਜੀਵਨ ਦਾ ਕੋਈ ਸਾਰਥਕ ਮੁੱਲ ਅੱਜ ਤੱਕ ਨਹੀਂ ਸਮਝਿਆ ਸੀ, ਪਰ ਅੱਜ ਤੁਸੀਂ ਮੈਨੂੰ ਜੀਵਨ ਦਾ ਮੁੱਲ ਵੀ ਦੱਸਿਆ ਅਤੇ ਜਿਉਂਣ ਦਾ ਅੰਦਾਜ਼ਾ ਵੀ ਦੱਸਿਆ। ਹਾਂ, ਮੈਂ ਅੱਜ ਤੋਂ ਵਾਅਦਾ ਕਰਦਾ ਹਾਂ ਮੈਂ ਆਪਣੇ ਲਈ ਨਹੀਂ ਸਗੋਂ ਦੀਨ-ਦੁਖੀ ਮਾਨਵ ਦੇ ਪ੍ਰਤੀ ਸੱਚੀ ਸ਼ਰਧਾ ਨਾਲ ਸੇਵਾ ਕਰਾਂਗਾ ਅਤੇ ਉਹਨਾਂ ਨੂੰ ਵੀ ਜਿਉਂਣ ਦੀ ਕਲਾ ਦੇ ਗੁਣਾਂ ਤੋਂ ਜਾਣੂ ਕਰਾਊਂਗਾ।

ਇਹ ਸੁਣ ਕੇ ਕਵੀ ਤਿਰੁਵੱਲੁਵਰ ਨੇ ਉਸ ਵਿਅਕਤੀ ਨੂੰ ਅਸ਼ੀਰਵਾਦ ਦਿੰਦੇ ਹੋਏ ਕਿਹਾ – ਤੇਰੀ ਹਰ ਸੇਵਾ ਵਧੇ-ਫੁੱਲੇ। ■

– ਅਰਚਨਾ ਸੌਗਾਨੀ

# ਪੈਟਰਨ ਪੂਰਾ ਕਰੋ






# ਬ੍ਰਹਿਮਾਂਡ ਦੇ ਅਨੋਖੇ ਭੇਤ ਪਲਸਾਰ ਅਤੇ ਬਲੈਕ ਹੋਲਸ



ਰਾਤ ਦੇ ਸਮੇਂ, ਜਦੋਂ ਅਸੀਂ ਆਕਾਸ਼ ਵਿੱਚ ਬਿਨਾ ਬੱਦਲ ਦੇ ਸਿਤਾਰਿਆਂ ਨੂੰ ਵੇਖਦੇ ਹਾਂ, ਤਾਂ ਸਾਡੇ ਮਨ ਵਿੱਚ ਬਹੁਤ ਸਾਰੇ ਸਵਾਲ ਆਉਂਦੇ ਹਨ! ਹੋਰ ਵੀ ਕਿਹੜੇ ਅਨੋਖੇ ਪ੍ਰਾਣੀ ਹੋਣਗੇ ਸਾਡੇ ਨਾਲ ਇਸ ਬ੍ਰਹਿਮਾਂਡ ਵਿੱਚ? ਸਾਨੂੰ ਦਿਸ ਰਹੇ ਤਾਰੇ, ਆਕਾਸ਼ਗੰਗਾਵਾਂ, ਗ੍ਰਹਿ, ਉਪਗ੍ਰਹਿ ਅਤੇ ਬਹੁਤ ਕੁੱਝ ਲੁੱਕਿਆ ਹੋਇਆ ਹੈ ਇਸ ਬ੍ਰਹਿਮਾਂਡ ਵਿੱਚ, ਤਾਂ ਚਲੋ ਵੇਖਦੇ ਹਾਂ, ਸਾਡੇ ਬ੍ਰਹਿਮਾਂਡ ਦੇ ਭੇਤਾਂ ਵਿੱਚ ਲੁੱਕੇ ਹੋਏ ਸਾਡੇ ਸਾਥੀ ਕਿਹੜੇ ਹਨ!

### *ਪਲਸਾਰ ਤਾਰੇ* (Pulsar)

ਪਲਸਾਰ, ਨਿਊਟਨ ਤਾਰੇ ਹੁੰਦੇ ਹਨ ਜਿਹੜੇ ਬਹੁਤ ਤੇਜ਼ੀ ਨਾਲ ਆਪਣੇ ਧੁਰੇ ਤੇ ਘੁੰਮਦੇ ਹਨ। ਜਦੋਂ ਕੋਈ ਵੱਡਾ ਤਾਰਾ ਆਪਣਾ ਬਾਲਣ (ਫਿਊਲ) ਖਤਮ ਕਰ ਦਿੰਦਾ ਹੈ ਤਾਂ ਸੁਪਰਨੋਵਾ ਵਿਸਫੋਟ ਦੇ ਬਾਅਦ ਜਿਹੜੇ ਬਚਦੇ ਹਨ, ਉਹ ਨਿਊਟਨ ਤਾਰੇ ਬਣ ਜਾਂਦੇ ਹਨ ਜਿਹਨਾਂ ਨੂੰ ਪਲਸਾਰ ਕਿਹਾ ਜਾਂਦਾ ਹੈ। ਇਸ ਵਿਸਫੋਟ ਨਾਲ ਪਲਸਾਰ ਨੂੰ ਤੇਜ਼ ਗਤੀ ਮਿਲਦੀ ਹੈ ਅਤੇ ਇਹ ਘੁੰਮਦੇ ਰਹਿੰਦੇ ਹਨ। ਕੁੱਝ ਪਲਸਾਰ ਤਾਂ ਪ੍ਰਤੀ ਸੈਕਿੰਡ 4 ਵਾਰ ਘੁੰਮਦੇ ਹਨ, ਜਦਕਿ ਕੁੱਝ ਸੈਂਕੜਿਆਂ ਵਾਰ ਘੁੰਮਦੇ ਹਨ! ਹੁਣ ਤਕ ਦਾ ਸਭ ਤੋਂ ਤੇਜ਼ ਪਲਸਾਰ ਪ੍ਰਤੀ ਸੈਕਿੰਡ 716 ਵਾਰ ਘੁੰਮਦਾ ਹੈ। ਕ੍ਰੈਬ ਨੇਬੁਲਾ ਵਿੱਚ ਸਥਿਤ ਕ੍ਰੈਬ ਪਲਸਾਰ ਵੀ ਇੱਕ ਪ੍ਰਸਿੱਧ ਪਲਸਾਰ ਹੈ।

### ਪਲਸਾਰ ਤੋਂ ਆਉਣ ਵਾਲੇ ਰੇਡਿਓ ਸੰਦੇਸ਼ ਕੀ ਪਰਗ੍ਰਹੀ ਜੀਵਨ ਦੇ ਸੰਕੇਤ ਹਨ?

ਇੱਕ ਸਮਾਂ ਸੀ ਉਦੋਂ ਵਿਗਿਆਨਕਾਂ ਨੇ ਸੋਚਿਆ ਸੀ ਕਿ ਪਲਸਾਰ ਤੋਂ ਆਉਣ ਵਾਲੇ ਰੇਡੀਓ ਤਰੰਗਾਂ ਪਰਗ੍ਰਹੀ ਜੀਵਨ ਤੋਂ ਸੰਦੇਸ਼ ਹੋ ਸਕਦੇ ਹਨ। 1967 ਵਿੱਚ, ਕੈਮਬ੍ਰਿਜ ਯੂਨੀਵਰਸਿਟੀ ਦੇ ਵਿਗਿਆਨਕਾਂ ਨੇ ਜੋਸਲੀਨ ਬੈੱਲ ਬਰਨੇਲ ਨਾਮਕ ਪਹਿਲੇ ਪਲਸਾਰ ਦਾ ਪਤਾ ਲਾਇਆ, ਅਤੇ ਸ਼ੁਰੂਆਤ ਵਿੱਚ ਉਹਨਾਂ ਨੂੰ ਲੱਗਿਆ ਕਿ ਇਹ ਰੇਡੀਓ ਤਰੰਗਾਂ ਕਿਸੇ ਖਤਰੇ ਵਿੱਚ ਫਸੇ ਹੋਏ ਪਰਗ੍ਰਹੀ ਜੀਵਨ ਰਾਹੀਂ ਭੇਜੇ ਗਏ ਸੰਦੇਸ਼ ਹਨ!

ਪਲਸਾਰ ਇੱਕ ਕਿਸਮ ਦੇ ਬ੍ਰਹਿਮਾਂਡੀਯ ਰੇਡੀਓ ਟ੍ਰਾਂਸਮੀਟਰ ਹੁੰਦੇ ਹਨ। ਉਹ ਨਿਸ਼ਚਿਤ ਸਮੇਂ ਦੇ ਫਰਕ ਤੇ ਰੇਡੀਓ, ਏਕਸ-ਰੇ ਅਤੇ ਗਾਮਾ ਕਿਰਣਾਂ ਦਾ ਉਤਸਰਜਨ ਕਰਦੇ ਹਨ, ਜਿਹਨਾਂ ਨੂੰ ਪ੍ਰਿਥਵੀ ਤੇ ਸਥਿਤ ਦੂਰਬੀਨ ਨਾਲ ਪਲਸ ਦੇ ਰੂਪ ਵਿੱਚ ਮਹਿਸੂਸ ਕੀਤਾ ਜਾਂਦਾ ਹੈ।

ਇਹਨਾਂ ਦਾ ਵੇਗ ਅਤੇ ਸੰਕੇਤ ਬਹੁਤ ਹੀ ਸਟੀਕ ਹੁੰਦੇ ਹਨ, ਇਸ ਲਈ ਵਿਗਿਆਨਕ ਇਹਨਾਂ ਦਾ ਇਸਤੇਮਾਲ ਗ੍ਰਹਿਆਂ ਦੇ ਅਧਿਐਨ ਅਤੇ ਪੁਲਾੜ ਦੀ ਖੋਜ ਵਿੱਚ ਕਰਦੇ ਹਨ। ਭਵਿੱਖ ਵਿੱਚ, ਪੁਲਾੜ ਯਾਤਰੀਆਂ ਵਿੱਚ ਪਲਸਾਰ ਦੇ ਸੰਕੇਤਾਂ ਦਾ ਇਸਤੇਮਾਲ ਦਿਸ਼ਾ ਨਿਰਦੇਸ਼ ਦੇ ਲਈ ਕੀਤਾ ਜਾ ਸਕਦਾ ਹੈ।

### ਪਲਸਾਰ ਦਾ ਪੁੰਜ

ਇਹ ਵਿਸ਼ੇਸ਼ ਹੈ ਕਿ ਜੇਕਰ ਪਲਸਾਰ ਦਾ ਇੱਕ ਚਮਚਾਭਰ ਪਦਾਰਥ ਪ੍ਰਿਥਵੀ ਤੇ ਲਿਆਂਦਾ ਜਾਵੇ ਤਾਂ ਉਸ ਦਾ ਭਾਰ ਕਈ ਅਰਬ ਟਨ ਹੋਵੇਗਾ! ਕਿਉਂਕਿ ਉਹਨਾਂ ਦੇ ਕੋਲ ਬਹੁਤ ਜ਼ਿਆਦਾ ਸ਼ਕਤੀਸ਼ਾਲੀ ਚੁੰਬਕੀ ਖੇਤਰ ਹੁੰਦੇ ਹਨ।

### ਬਲੈਕ ਹੋਲ (Black Hole)

ਬਲੈਕ ਹੋਲ ਇੱਕ ਵਿਸ਼ਾਲ ਤਾਰੇ ਦੇ ਅਖੀਰ ਵਿੱਚ ਅਰਥਾਤ ਉਸ ਦੇ ਮਰਨ ਦੇ ਬਾਅਦ ਬਣਦਾ ਹੈ। ਜਦ ਤਾਰੇ ਦਾ ਬਾਲਣ ਸਮਾਪਤ ਹੋ ਜਾਂਦਾ ਹੈ, ਤਾਂ ਉਹ ਆਪਣੀ ਹੀ ਗਰੂਤਵਾਕਰਸ਼ਣ ਸ਼ਕਤੀ ਦੇ ਕਾਰਣ ਸੁੰਘੜ ਜਾਂਦਾ ਹੈ ਅਤੇ ਇੱਕ ਬਹੁਤ ਹੀ ਛੋਟੇ, ਪਰ ਬਹੁਤ ਜ਼ਿਆਦਾ ਭਾਰੀ ਬਿੰਦੂ ਵਿੱਚ ਬਦਲ ਜਾਂਦਾ ਹੈ, ਜਿਸ ਨੂੰ ਸਿੰਗਯੁਲੈਰਿਟੀ ਕਹਿੰਦੇ ਹਨ। ਬਲੈਕ ਹੋਲ ਦੇ ਕੋਲ ਐਨਾ ਸ਼ਕਤੀਸ਼ਾਲੀ ਗਰੂਤਵਾਕਰਸ਼ਣ ਹੁੰਦਾ ਹੈ ਕਿ ਉਹ ਆਲੇ-ਦੁਆਲੇ ਦੀਆਂ ਸਾਰੀਆਂ ਵਸਤੂਆਂ ਨੂੰ ਖਿੱਚ ਲੈਂਦਾ ਹੈ, ਇੱਥੋਂ ਤਕ ਕਿ ਪ੍ਰਕਾਸ਼ ਵੀ।

### ਕੀ ਬਲੈਕ ਹੋਲ ਵਿਸ਼ਾਲ ਹੁੰਦੇ ਹਨ?

ਵਿਗਿਆਨਕਾਂ ਦੇ ਅਨੁਸਾਰ, ਬਲੈਕ ਹੋਲ ਛੋਟੇ ਅਤੇ ਵੱਡੇ ਦੋਵੇਂ ਤਰ੍ਹਾਂ ਦੇ ਹੁੰਦੇ ਹਨ। ਕੁੱਝ ਅਣੂ ਦੇ ਆਕਾਰ ਦੇ ਹੁੰਦੇ ਹਨ, ਪਰ ਉਹਨਾਂ ਦਾ ਭਾਰ ਇੱਕ ਪੂਰੇ ਪਹਾੜ ਜਿੰਨਾ ਭਾਰੀ ਹੁੰਦਾ ਹੈ! ਵੱਡੇ ਤਾਰੇ ਮਰਨ ਦੇ ਬਾਅਦ ਜਿਹੜੇ ਬਲੈਕ ਹੋਲ ਬਣਦੇ ਹਨ, ਸ਼ਸਟੇਲਰ ਬਲੈਕ ਹੋਲ ਕਿਹਾ ਜਾਂਦਾ ਹੈ ਅਤੇ ਉਹਨਾਂ ਦਾ ਭਾਰ ਸੂਰਜ ਦੇ ਭਾਰ ਤੋਂ 15-20 ਗੁਣਾਂ ਵੱਧ ਹੋ ਸਕਦਾ ਹੈ। ਸਾਡੀ ਆਕਾਸ਼ਗੰਗਾ ਵਿੱਚ ਅਜਿਹੇ ਕਈ ਬਲੈਕ ਹੋਲ ਮੌਜੂਦ ਹਨ। ਸਭ ਤੋਂ ਵੱਡੇ ਬਲੈਕ ਹੋਲ ਸ਼ਸੁਪਰਮੈਸਿਵ ਬਲੈਕ ਹੋਲ ਹੁੰਦੇ ਹਨ, ਜਿਨ੍ਹਾਂ ਦਾ ਭਾਰ ਸੂਰਜ ਤੋਂ 10 ਲੱਖ ਗੁਣਾਂ ਵੱਧ ਹੋ ਸਕਦਾ ਹੈ! ਸਾਡੀ ਆਕਾਸ਼ਗੰਗਾ ਦੇ ਕੇਂਦਰ ਵਿੱਚ ਸਥਿਤ ਧਨੁ ਨਾਮਕ ਬਲੈਕ ਹੋਲ ਦਾ ਭਾਰ 40 ਲੱਖ ਸੂਰਜਾਂ ਦੇ ਬਰਾਬਰ ਹੈ ਅਤੇ ਉਸ ਵਿੱਚ ਲੱਖਾਂ ਪ੍ਰਿਥਵੀਆਂ ਸਮਾ ਸਕਦੀਆਂ ਹਨ।

### ਬਲੈਕ ਹੋਲ ਦੇ ਅੰਦਰ ਕੀ ਹੈ?

ਬਲੈਕ ਹੋਲ ਦੇ ਅੰਦਰ ਕੀ ਹੈ, ਇਹ ਅੱਜ ਵੀ ਇੱਕ ਭੇਤ ਹੈ, ਕਿਉਂਕਿ ਇੱਕ ਵਾਰ ਉਸ ਦੇ ਅੰਦਰ ਦਾਖਿਲ ਹੋਣ ਦੇ ਬਾਅਦ ਬਾਹਰ ਨਿਕਲਣਾ ਅਸੰਭਵ ਹੋ ਜਾਂਦਾ ਹੈ। ਉਸ ਦੀ ਗਰੂਤਵਾਕਰਸ਼ਣ ਸ਼ਕਤੀ ਐਨੀ ਤਗੜੀ ਹੁੰਦੀ ਹੈ ਕਿ ਪ੍ਰਕਾਸ਼ ਵੀ ਉਸ ਤੋਂ ਬਾਹਰ ਨਹੀਂ ਨਿਕਲ ਸਕਦਾ। ਬਲੈਕ ਹੋਲ ਦੇ ਇਵੇਂਟ ਹੋਰਾ.ਇੰਜਣ ਤੇ ਪਹੁੰਚਣ ਦੇ ਬਾਅਦ ਸਮਾਂ ਹੌਲੀ ਹੋ ਜਾਂਦਾ ਹੈ, ਅਤੇ ਜੇਕਰ ਉਸ ਦੇ ਅੰਦਰ ਜਾਂਦੇ ਹੋ ਤਾਂ ਬਹੁਤ ਜ਼ਿਆਦਾ ਗਰਮੀ ਅਤੇ ਵਿਕਿਰਣ ਦੇ ਕਾਰਣ ਸਭ ਕੁੱਝ ਨਸ਼ਟ ਹੋ ਜਾਂਦਾ ਹੈ। ਇਸ ਕਾਰਣ, ਬਲੈਕ ਹੋਲ ਵਿੱਚ ਦਾਖਿਲ ਹੋਣ ਤੇ ਜੀਵਿਤ ਬਚਣਾ ਅਸੰਭਵ ਹੁੰਦਾ ਹੈ।

### ਵਿਸ਼ਵ ਵਿੱਚ ਕਿੰਨੇ ਬਲੈਕ ਹੋਲ ਹਨ ਅਤੇ ਉਹਨਾਂ ਦਾ ਇਤਿਹਾਸ ਕੀ ਹੈ?

ਵਿਗਿਆਨਕਾਂ ਦਾ ਮੰਨਣਾ ਹੈ ਕਿ ਬ੍ਰਹਮਾਂਡ ਵਿੱਚ ਲਗਭਗ 40 ਅਰਬ ਬਲੈਕ ਹੋਲਸ ਹੋ ਸਕਦੇ ਹਨ। 93 ਅਰਬ ਪ੍ਰਕਾਸ਼ਵਰਸ਼ ਫੈਲ ਚੁੱਕੇ ਇਸ ਬ੍ਰਹਮਾਂਡ ਵਿੱਚ, ਉਹਨਾਂ ਦੀ ਗਿਣਤੀ ਅਣਗਿਣਤ ਹੋ ਸਕਦੀ ਹੈ। 1916 ਵਿੱਚ, ਅਲਬਰਟ ਆਈਂਸਟੀਨ ਨੇ ਜਨਰਲ ਰਿਲੇਟੀਵਿਟੀ ਸਿਧਾਂਤ ਰਾਹੀਂ ਬਲੈਕ ਹੋਲਸ ਦਾ ਅਨੁਮਾਨ ਪ੍ਰਗਟ ਕੀਤਾ ਸੀ। 1967 ਵਿੱਚ, ਜਨ ਵਹੀਲਰ ਨੇ ਬਲੈਕ ਹੋਲ ਸ਼ਬਦ ਦਾ ਇਸਤੇਮਾਲ ਕੀਤਾ, ਅਤੇ 1971 ਵਿੱਚ, ਸਤੰਬਰ ਐਕਸ-1 ਪਹਿਲਾ ਬਲੈਕ ਹੋਲ ਮਿਲਿਆ। 2019 ਵਿੱਚ, ਈਵੈਂਟ ਹੋਰਾਇਜਨ ਟੈਲੀਸਕੋਪ ਨੇ 87 ਅਕਾਸ਼ਗੰਗਾ ਵਿੱਚ ਸਥਿਤ ਬਲੈਕ ਹੋਲ ਦਾ ਪਹਿਲਾ ਚਿੱਤਰ ਲਿਆ। ਜਿਸ ਨੇ ਪੂਰੀ ਦੁਨੀਆਂ ਦਾ ਧਿਆਨ ਆਪਣੇ ਵੱਲ ਖਿੱਚਿਆ।

### ਕੀ ਬਲੈਕ ਹੋਲ ਪ੍ਰਿਥਵੀ ਦਾ ਨਾਸ਼ ਕਰ ਸਕਦੇ ਹਨ?

ਪ੍ਰਿਥਵੀ ਬਲੈਕ ਹੋਲ ਵਿੱਚ ਨਹੀਂ ਫਸੇਗੀ, ਕਿਉਂਕਿ ਸਾਡੀ ਸੌਰ ਮਾਲਾ ਵਿੱਚ ਕੋਈ ਵੀ ਬਲੈਕ ਹੋਲ ਪ੍ਰਿਥਵੀ ਤੱਕ ਪਹੁੰਚਣ ਲਈ ਕਾਫੀ ਕੋਲ ਨਹੀਂ ਹੈ। ਜੇਕਰ ਸੂਰਜ ਦੇ ਸਥਾਨ ਤੇ ਉਹੀ ਦ੍ਰਵਯਮਾਨ ਵਾਲਾ ਬਲੈਕ ਹੋਲ ਆ ਜਾਵੇ, ਤਾਂ ਵੀ ਪ੍ਰਿਥਵੀ ਅਤੇ ਹੋਰ ਗ੍ਰਹਿ ਆਪਣੀ ਪਹਿਲੇ ਵਰਗੀ ਜਮਾਤ ਵਿੱਚ ਘੁੰਮਦੇ ਰਹਿਣਗੇ। ■




# ਸਮਝੌਤਾ

ਇੱਕ ਦਿਨ ਅੱਖ ਅਤੇ ਕੰਨ ਵਿੱਚ ਝਗੜਾ ਹੋ ਗਿਆ। ਅੱਖ ਘਮੰਡ ਨਾਲ ਬੋਲੀ, ''ਮੈਂ ਤੇਰੇ ਤੋਂ ਸ੍ਰੇਸ਼ਠ ਹਾਂ।''

''ਨਹੀਂ, ਮੈਂ ਤੇਰੇ ਤੋਂ ਸ੍ਰੇਸ਼ਠ ਹਾਂ।' ਕੰਨ ਗਰਜਿਆ।

'ਮੈਂ ਹਾਂ'', ਅੱਖ ਆਪਣੀ ਗੱਲ ਤੇ ਅੜੀ ਰਹੀ।


''ਮੇਰੀ ਵਜ੍ਹਾ ਨਾਲ ਲੋਕ ਸਭ ਕੁੱਝ ਵੇਖ ਸਕਦੇ ਹਨ।'' ਅੱਖ ਨੇ ਜਵਾਬ ਦਿੱਤਾ।

''ਤਾਂ ਮੇਰੀ ਵਜ੍ਹਾ ਨਾਲ ਲੋਕ ਸੁਣਦੇ ਹਨ।''

''ਦੂਰ ਤੋਂ ਹੀ ਲੋਕ ਖਤਰੇ ਨੂੰ ਵੇਖ ਕੇ ਮੇਰੀ ਵਜ੍ਹਾ ਨਾਲ ਬਚ ਜਾਂਦੇ ਹਨ।'' ਅੱਖ ਨੇ ਆਪਣਾ ਪੱਖ ਰੱਖਿਆ।

''ਆਵਾਜ਼ ਸੁਣ ਕੇ ਵੀ ਲੋਕ ਖਤਰਾ ਮਹਿਸੂਸ ਕਰ ਲੈਂਦੇ ਹਨ ਅਤੇ ਆਪਣੇ ਆਪ ਨੂੰ ਬਚਾ ਲੈਂਦੇ ਹਨ।'' ਕੰਨ ਨੇ ਤਰਕ ਦਿੱਤਾ।

''ਕੀ ਤੂੰ ਨਹੀਂ ਜਾਣਦਾ ਕਿ ਮੇਰਾ ਵੇਖਣਾ ਸੱਚ ਅਤੇ ਤੇਰਾ ਸੁਣਿਆ ਝੂਠ ਵੀ ਹੁੰਦਾ ਹੈ?'' ਅੱਖ ਨੇ ਵੱਡਾ ਸਵਾਲ ਖੜਾ ਕੀਤਾ।''



''ਸੁਣਿਆ ਹੈ ਅਜਿਹਾ।''

''ਫਿਰ?''

''ਪਰ ਇਹ ਕਥਨ ਬਿਲਕੁਲ ਸਹੀ ਨਹੀਂ ਹੈ।''

''ਕਿਵੇਂ?'' ਅੱਖ ਚਿੜ ਗਈ।

''ਸੂਰਜ ਨੂੰ ਲੋਕ ਪੂਰਬ ਤੋਂ ਪੱਛਮ ਵੱਲ ਜਾਂਦੇ ਹੋਏ ਵੇਖਦੇ ਹਨ, ਲੇਕਿਨ ਸੱਚਾਈ ਇਹ ਹੈ ਕਿ ਸੂਰਜ ਆਪਣੀ ਜਗ੍ਹਾ ਸਥਿਰ ਹੈ।'' ਕੰਨ ਅੱਗੇ ਬੋਲਿਆ, ''ਇਸ ਨਾਲ ਤੇਰੀ ਗੱਲ ਝੂਠ ਸਿੱਧ ਨਹੀਂ ਹੁੰਦੀ।''

''ਤੇਰੀ ਸੁਣੀ ਸੱਚ ਕਿਵੇਂ ਹੈ?'' ਅੱਖ ਨੇ ਪਿੱਛਾ ਨਹੀਂ ਛੱਡਿਆ।

''ਧਰਤੀ ਨੂੰ ਸਾਰੇ ਸਥਿਰ ਵੇਖਦੇ ਹਨ। ਪਰ ਇਹ ਚੰਗੀ ਤਰ੍ਹਾਂ ਸਿੱਧ ਹੋ ਚੁੱਕਾ ਹੈ ਕਿ ਧਰਤੀ ਘੁੰਮਦੀ ਹੈ - ਆਪਣੀ ਧੁਰੀ ਤੇ ਅਤੇ ਸੂਰਜ ਦੇ ਚਾਰੇ ਪਾਸੇ ਵੀ। ਸਾਰਿਆਂ ਨੇ ਇਸ ਨੂੰ ਸੁਣਿਆ ਹੈ, ਅਤੇ ਪੜ੍ਹਿਆ ਹੈ। ਕਿਸੇ ਨੇ ਵੇਖਿਆ ਤਾਂ ਨਹੀਂ ਹੈ। ਵੇਖ ਸਕਣਾ ਸੰਭਵ ਵੀ ਨਹੀਂ ਹੈ।'' ਕੰਨ ਨੇ ਅੱਗੇ ਕਿਹਾ, ''ਰਾਤ-ਦਿਨ ਅਤੇ ਰੁੱਤਾਂ ਦੀ ਤਬਦੀਲੀ ਉਸੇ ਦੀ ਵਜ੍ਹਾ ਨਾਲ ਹੁੰਦੀ ਹੈ।''

ਅੱਖ ਨੂੰ ਹੁਣ ਕੋਈ ਤਰਕ ਨਹੀਂ ਸੁੱਝਿਆ। ਫਿਰ ਵੀ ਉਹ ਬੋਲੀ, ''ਤੂੰ ਸ੍ਰੇਸ਼ਠ ਕਿਵੇਂ ਹੈ?''

''ਤੂੰ ਤਾਂ ਸਿਰਫ ਇੱਕ ਪਾਸੇ ਵੇਖ ਸਕਦੀ ਹੋ ਅਤੇ ਮੈਂ ਹਰ ਪਾਸੇ ਦੀ ਆਵਾਜ਼ ਸੁਣ ਲੈਂਦਾ ਹਾਂ। ਇਹ ਮੇਰੀ ਖਾਸੀਅਤ ਹੈ।'' ਕੰਨ ਫਿਰ ਬੋਲਿਆ, '' ਸੁੱਤਾ ਆਦਮੀ ਕਿਸੇ ਨੂੰ ਵੇਖਣ ਨਾਲ ਜਾਗ ਨਹੀਂ ਸਕਦਾ ਪਰ, ਆਵਾਜ਼ ਸੁਣ ਕੇ ਜਾਗ ਜਾਂਦਾ ਹੈ। ਕਿਸੇ ਤਰ੍ਹਾਂ ਦੇ ਖਤਰੇ ਤੋਂ ਬਚ ਸਕਦਾ ਹੈ।''

ਕੰਨ ਦੇ ਤਰਕ ਅੱਗੇ ਜਦ ਅੱਖ ਨਿਰਉਤਰ ਹੋ ਗਈ ਤਾਂ ਉਸਦਾ ਘਮੰਡ ਜਾਂਦਾ ਰਿਹਾ।

ਅੱਖ ਨੂੰ ਨਿਰਉਤਰ ਵੇਖ ਕੇ ਕੰਨ ਸ਼ਾਂਤ ਭਾਵ ਨਾਲ ਬੋਲਿਆ, ''ਦਰਅਸਲ ਸਾਡਾ ਦੋਵਾਂ ਦਾ ਮਹੱਤਵ ਆਪਣੀ-ਆਪਣੀ ਜਗ੍ਹਾ ਸਹੀ ਹੈ। ਜਿੱਥੇ ਤੁਹਾਡੀ ਲੋੜ ਹੈ, ਮੈਂ ਕੁੱਝ ਨਹੀਂ ਕਰ ਸਕਦਾ ਅਤੇ ਜਿੱਥੇ ਮੇਰੀ ਲੋੜ ਹੈ, ਉਥੇ ਤੂੰ ਕੁੱਝ ਨਹੀਂ ਕਰ ਸਕਦੀ।''

''ਤੂੰ ਠੀਕ ਕਹਿ ਰਿਹਾ ਹੈ,'' ਅੱਖ ਨੂੰ ਕੰਨ ਦੇ ਸਮਝੌਤੇ ਵਾਲੀ ਗੱਲ ਖੂਬ ਪਸੰਦ ਆਈ। ■

## ਖੋਜ ਅਤੇ ਖੋਜੀ

- *ਫ੍ਰਾਂਸ ਦੇ ਏ.ਜੇ. ਗਾਰਨੇਰਿਨ ਨੇ 1797 ਵਿੱਚ ਪੈਰਾਸ਼ੂਟ ਦੀ ਖੋਜ ਕੀਤੀ।*
- *ਏਡੀਸਨ ਨੇ 1877 ਵਿੱਚ ਗ੍ਰਾਮੋਫੋਨ ਦੀ ਖੋਜ ਕੀਤੀ ਅਤੇ 1878-79 ਵਿੱਚ ਬਿਜਲੀ ਦੇ ਬਲਬ ਨੂੰ ਸੰਸਾਰ ਦੇ ਸਾਹਮਣੇ ਰੱਖਿਆ।*
- *ਏਡੀਸਨ ਨੇ 1882 ਵਿੱਚ 85 ਗਾਹਕਾਂ ਨੂੰ ਇਕ ਹੀ ਜੇਨਰੇਟਰ ਨਾਲ ਬਿਜਲੀ ਦੀ ਰੋਸ਼ਨੀ ਦਿੱਤੀ।*
- *1895 ਵਿੱਚ ਫ੍ਰਾਂਸ ਨੇ ਲੂਈਸ ਅਤੇ ਅਗਸਟੇ ਲੂਮੀਏਰ ਨਾਮਕ ਦੋ ਭਰਾਵਾਂ ਨੇ ਪਹਿਲੀ ਵਾਰ ਪਬਲਿਕ ਤੌਰ ਤੇ ਸਿਨੇਮਾ ਦਾ ਪ੍ਰਦਰਸ਼ਨ ਕੀਤਾ।*
- *1842 ਵਿੱਚ ਮੈਕਮਿਲਨ ਨੇ ਸਾਈਕਲ ਦਾ ਨਿਰਮਾਣ ਕੀਤਾ।*

*- ਊਸ਼ਾ ਸਭਰਵਾਲ*

# ਏਕਤਾ ਵਿੱਚ ਸ਼ਕਤੀ

ਸੁਦੂਰ ਇੱਕ ਸੰਘਣਾ ਜੰਗਲ ਸੀ, ਜਿੱਥੇ ਕਈ ਤਰ੍ਹਾਂ ਦੇ ਜਾਨਵਰ ਰਹਿੰਦੇ ਸਨ। ਉਥੇ ਖਰਗੋਸ਼, ਹਿਰਨ, ਬਾਂਦਰ, ਹਾਥੀ, ਸ਼ੇਰ, ਲੂੰਮੜੀ ਅਤੇ ਭਾਲੂ ਸਾਰੇ ਸ਼ਾਂਤੀ ਨਾਲ ਰਹਿੰਦੇ ਸਨ। ਜੰਗਲ ਹਰਿਆ-ਭਰਿਆ ਸੀ, ਭੋਜਨ ਦੀ ਕੋਈ ਘਾਟ ਨਹੀਂ ਸੀ ਅਤੇ ਸਾਰੇ ਜਾਨਵਰ ਖੁਸ਼ ਸਨ। ਪਰ ਉਹਨਾਂ ਦੀ ਖੁਸ਼ੀ ਜ਼ਿਆਦਾ ਦੇਰ ਤੱਕ ਟਿਕ ਨਹੀਂ ਸਕੀ।

ਇੱਕ ਦਿਨ ਜੰਗਲ ਦੇ ਕੋਲ ਰਹਿਣ ਵਾਲੇ ਲੱਕੜਹਾਰੇ ਉਥੇ ਰੁੱਖ ਕੱਟਣ ਆਏ। ਉਹ ਹੌਲੀ-ਹੌਲੀ ਪੂਰੇ ਜੰਗਲ ਨੂੰ ਕੱਟਣ ਲੱਗੇ। ਪਹਿਲਾਂ ਤਾਂ ਜਾਨਵਰਾਂ ਨੇ ਇਸ ਤੇ ਧਿਆਨ ਨਹੀਂ ਦਿੱਤਾ, ਪਰ ਜਦੋਂ ਪਾਣੀ ਦੇ ਸਰੋਤ ਸੁੱਕਣ ਲੱਗੇ ਅਤੇ ਆਲ੍ਹਣੇ ਉਜੜਨ ਲੱਗੇ, ਤਦ ਉਹਨਾਂ ਨੂੰ ਅਹਿਸਾਸ ਹੋਇਆ ਕਿ ਉਹਨਾਂ ਦਾ ਘਰ ਖਤਰੇ ਵਿੱਚ ਹੈ।

ਜਾਨਵਰਾਂ ਦੀ ਇੱਕ ਬੈਠਕ ਹੋਈ, ਪਰ ਉਥੇ ਆਪਸ ਵਿੱਚ ਬਹਿਸ ਹੋਣ ਲੱਗੀ। ਹਾਥੀ ਨੇ ਕਿਹਾ – ਮੈਂ ਬਹੁਤ ਵੱਡਾ ਅਤੇ ਤਾਕਤਵਰ ਹਾਂ, ਮੈਂ ਇੱਕਲੇ ਹੀ ਇਹਨਾਂ ਲਕੜਹਾਰਿਆਂ ਨੂੰ ਰੋਕ ਦੇਵਾਂਗਾ! ਸ਼ੇਰ ਨੇ ਘੁਮੰਡ ਵਿੱਚ ਕਿਹਾ – ਮੈਂ ਜੰਗਲ ਦਾ ਰਾਜਾ ਹਾਂ, ਮੇਰੇ ਦਹਾੜਨ ਨਾਲ ਉਹ ਭੱਜ ਜਾਣਗੇ। ਲੂੰਮੜੀ ਬੋਲੀ – ਅਸੀਂ ਚੁੱਪਚਾਪ ਰਹਾਂਗੇ ਉਹ ਆਪਣੇ-ਆਪ ਭੱਜ ਜਾਣਗੇ, ਹਰ ਕੋਈ ਆਪਣੀ ਗੱਲ ਮਨਵਾਉਣ ਵਿੱਚ ਲੱਗਾ ਸੀ, ਪਰ ਕੋਈ ਠੋਸ ਹੱਲ ਨਹੀਂ ਨਿਕਲ ਰਿਹਾ ਸੀ। ਬਾਂਦਰ ਚਲਾਕ ਅਤੇ ਸਮਝਦਾਰ ਸੀ। ਉਸ ਨੇ ਕਿਹਾ – ਜੇਕਰ ਅਸੀਂ ਇੱਕਲੇ-ਇੱਕਲੇ ਲੜਾਂਗੇ, ਤਾਂ ਹਾਰ ਜਾਵਾਂਗੇ। ਸਾਨੂੰ ਮਿਲ ਕੇ ਲੜਨਾ ਪਏਗਾ। ਪਰ ਬਾਕੀ ਜਾਨਵਰਾਂ ਨੇ ਉਸ ਦੀ ਗੱਲ ਅਣਸੁਣੀ ਕਰ ਦਿੱਤੀ। ਅਗਲੇ ਹੀ ਦਿਨ ਲੱਕੜਹਾਰੇ ਫਿਰ ਆਏ। ਹਾਥੀ ਇੱਕਲਾ ਉਹਨਾਂ ਨੂੰ ਰੋਕਣ ਗਿਆ, ਪਰ ਉਹਨਾਂ



ਨੇ ਬਲਦੀਆਂ ਹੋਈਆਂ ਮਿਸ਼ਾਲਾਂ ਨਾਲ ਉਸ ਨੂੰ ਡਰਾ ਦਿੱਤਾ। ਸ਼ੇਰ ਉਹਨਾਂ ਤੇ ਦਹਾੜਿਆ ਪਰ ਉਹ ਬੰਦੂਕਾਂ ਨਾਲ ਤਿਆਰ ਸਨ। ਹੌਲੀ-ਹੌਲੀ ਲੱਕੜਹਾਰੇ ਜੰਗਲ ਦੇ ਅੰਦਰ ਤੱਕ ਪਹੁੰਚ ਗਏ ਅਤੇ ਹੁਣ ਸਾਰੇ ਜਾਨਵਰ ਡਰਨ ਲੱਗੇ। ਹੁਣ ਸਾਰੇ ਜਾਨਵਰਾਂ ਨੂੰ ਅਹਿਸਾਸ ਹੋਇਆ ਕਿ ਇੱਕਲੇ ਉਹ ਕੁੱਝ ਨਹੀਂ ਕਰ ਸਕਦੇ। ਉਹਨਾਂ ਨੇ ਮਿਲ ਕੇ ਯੋਜਨਾ ਬਣਾਈ।



ਕੀੜੀਆਂ ਲਕੜਹਾਰਿਆਂ ਦੇ ਕੱਪੜਿਆਂ ਵਿੱਚ ਵੜ ਜਾਣਗੀਆਂ ਅਤੇ ਉਹਨਾਂ ਨੂੰ ਲੜਨਗੀਆਂ। ਬਾਂਦਰ ਅਤੇ ਤੋਤੇ ਉਹਨਾਂ ਦੀਆਂ ਕੁਹਾੜੀਆਂ ਅਤੇ ਹਥਿਆਰ ਲੈ ਕੇ ਰੁੱਖਾਂ ਤੇ ਰੱਖ ਦੇਣਗੇ। ਹਾਥੀ ਆਪਣੀ ਸੁੰਡ ਨਾਲ ਪਾਣੀ ਸੁੱਟ ਕੇ ਉਹਨਾਂ ਦੀਆਂ ਲੱਕੜਾਂ ਨੂੰ ਗਿੱਲਾ ਕਰ ਦੇਣਗੇ। ਭਾਲੂ ਅਤੇ ਭੇੜੀਏ ਝਾੜੀਆਂ ਵਿੱਚ ਲੁਕ ਕੇ ਡਰਾਉਣੀਆਂ ਆਵਾਜ਼ਾਂ ਕੱਢਣਗੇ। ਜਿਵੇਂ ਹੀ ਲੱਕੜਹਾਰੇ ਜੰਗਲ ਵਿੱਚ ਵੜੇ, ਯੋਜਨਾ ਅਨੁਸਾਰ ਸਾਰੇ ਜਾਨਵਰਾਂ ਨੇ ਇੱਕਠੇ ਹਮਲਾ ਕਰ ਦਿੱਤਾ। ਕੀੜੀਆਂ ਦੇ ਲੜਨ ਨਾਲ ਉਹ ਪਰੇਸ਼ਾਨ ਹੋ ਗਏ, ਤੋਤੇ ਅਤੇ ਬਾਂਦਰ ਉਹਨਾਂ ਦੇ ਹਥਿਆਰ ਖੋਹਣ ਲੱਗੇ। ਹਾਥੀਆਂ ਨੇ ਪਾਣੀ ਪਾ ਕੇ ਉਹਨਾਂ ਦੀਆਂ ਲੱਕੜਾਂ ਨੂੰ ਬੇਕਾਰ ਕਰ ਦਿੱਤਾ ਅਤੇ ਭੇੜੀਏ ਅਤੇ ਭਾਲੂ ਦੀਆਂ ਡਰਾਉਣੀਆਂ ਆਵਾਜ਼ਾਂ ਨਾਲ ਉਹ ਘਬਰਾ ਗਏ। ਜਦੋਂ ਸ਼ੇਰ ਨੇ ਜ਼ੋਰ ਨਾਲ ਦਹਾੜ ਲਗਾਈ, ਤਾਂ ਉਹ ਆਪਣੀ ਜਾਨ ਬਚਾ ਕੇ ਭੱਜ ਗਏ। ਉਸ ਦਿਨ ਦੇ ਬਾਅਦ ਕੋਈ ਵੀ ਲੱਕੜਹਾਰਾ ਜੰਗਲ ਵੱਲ ਜਾਣ ਦੀ ਹਿੰਮਤ ਨਹੀਂ ਕਰ ਸਕਿਆ। ■

**ਸਿੱਖਿਆ :** ਜਾਨਵਰਾਂ ਨੂੰ ਸਮਝ ਆ ਗਈ ਕਿ ਤਾਕਤ ਇੱਕਲੀ ਕੰਮ ਨਹੀਂ ਆਉਂਦੀ, ਸਗੋਂ ਏਕਤਾ ਵਿੱਚ ਹੀ ਅਸਲੀ ਸ਼ਕਤੀ ਹੈ। ਜੇਕਰ ਉਹ ਪਹਿਲਾਂ ਹੀ ਇੱਕ ਹੋ ਜਾਂਦੇ, ਤਾਂ ਐਨਾ ਨੁਕਸਾਨ ਨਹੀਂ ਹੁੰਦਾ। ਜੇਕਰ ਅਸੀਂ ਇੱਕਠੇ ਰਹੀਏ ਤਾਂ ਸਭ ਤੋਂ ਵੱਡੀ ਮੁਸ਼ਕਿਲ ਨੂੰ ਵੀ ਹਰਾ ਸਕਦੇ ਹਾਂ।



ਇੱਕ ਸਮੇਂ ਦੀ ਗੱਲ ਹੈ?



# ਏਕਤਾ ਦੀ ਤਾਕਤ



ਇੱਕ ਛੋਟੇ ਜਿਹੇ ਪਿੰਡ ਵਿੱਚ ਪੰਜ ਭਰਾ ਰਹਿੰਦੇ ਸਨ ਅਮਨ, ਗੁਰਪ੍ਰੀਤ, ਹਰਦੀਪ, ਸਿਮਰਨ ਤੇ ਕਰਮਜੀਤ। ਉਹ ਹਮੇਸ਼ਾ ਇੱਕ-ਦੂਜੇ ਦੀ ਮਦਦ ਕਰਦੇ, ਹਰ ਖੁਸ਼ੀ ਤੇ ਦੁੱਖ ਵਿੱਚ ਇਕੱਠੇ ਰਹਿੰਦੇ। ਉਨ੍ਹਾਂ ਦੇ ਪਿਤਾ, ਇੱਕ ਬਜ਼ੁਰਗ ਕਿਸਾਨ ਸਰਦਾਰ ਜੀਤ ਸਿੰਘ, ਹਮੇਸ਼ਾ ਆਖਦੇ, 'ਜਦ ਤੱਕ ਤੁਸੀਂ ਇਕੱਠੇ ਹੋ, ਤੁਹਾਨੂੰ ਕੋਈ ਨਹੀਂ ਤੋੜ ਸਕਦਾ।"

ਪਰ ਸਮੇਂ ਦੇ ਨਾਲ-ਨਾਲ, ਭਰਾਵਾਂ ਵਿੱਚ ਫੁੱਟ ਪੈਣ ਲੱਗੀ। ਕਿਸੇ ਨੂੰ ਜ਼ਮੀਨ ਚਾਹੀਦੀ ਸੀ, ਕਿਸੇ ਨੂੰ ਵਪਾਰ, ਤੇ ਕਿਸੇ ਨੂੰ ਪਿਛੋਕੜ ਦੀ ਦਾਅਵਾਦ। ਅਮਨ ਤੇ ਗੁਰਪ੍ਰੀਤ ਖੇਤੀ ਵਧਾਉਣ ਦੀ ਗੱਲ ਕਰਦੇ, ਪਰ ਹਰਦੀਪ ਵਪਾਰ ਵੱਲ ਜਾਣਾ ਚਾਹੁੰਦਾ ਸੀ। ਸਿਮਰਨ ਤੇ ਕਰਮਜੀਤ ਵੱਖ-ਵੱਖ ਘਰ ਬਣਾਉਣ ਦੀ ਸੋਚ ਰਹੇ ਸਨ। ਇਹਨਾਂ ਨਿਜੀ ਲਾਭਾਂ ਕਰਕੇ ਉਹ ਆਪਸ ਵਿੱਚ ਝਗੜਨ ਲੱਗ ਪਏ। ਜੀਤ ਸਿੰਘ ਇਹ ਸਭ ਦੇਖ ਕੇ ਬਹੁਤ ਦੁਖੀ ਹੋ ਗਏ।

ਇੱਕ ਦਿਨ, ਜੀਤ ਸਿੰਘ ਨੇ ਉਨ੍ਹਾਂ ਸਭ ਨੂੰ ਬੁਲਾਇਆ ਅਤੇ ਹਰ ਇੱਕ ਨੂੰ ਇੱਕ-ਇੱਕ ਲੱਕੜ ਦੀ ਡੰਡੀ ਦਿੱਤੀ।

''ਇਹ ਤੋੜੋ'', ਉਸ ਨੇ ਕਿਹਾ।

ਹਰ ਭਰਾ ਨੇ ਆਸਾਨੀ ਨਾਲ ਉਹ ਡੰਡੀਆਂ ਤੋੜ ਦਿੱਤੀਆਂ।

ਫਿਰ ਪਿਤਾ ਜੀ ਨੇ ਪੰਜ ਲੱਕੜਾਂ ਨੂੰ ਰੱਸੀ ਨਾਲ ਇਕੱਠੇ ਬੰਨ੍ਹ ਦਿੱਤਾ ਅਤੇ ਗੁਰਪ੍ਰੀਤ ਨੂੰ ਦਿੱਤਾ। ''ਹੁਣ ਇਹ ਤੋੜੋ,'' ਉਹ ਕਹਿਣ ਲੱਗੇ।

ਗੁਰਪ੍ਰੀਤ ਨੇ ਜ਼ੋਰ ਲਾਇਆ, ਪਰ ਉਹ ਨਹੀਂ ਟੁੱਟੀ। ਹਰ ਇੱਕ ਭਰਾ ਨੇ ਕੋਸ਼ਿਸ਼ ਕੀਤੀ, ਪਰ ਕਿਸੇ ਤੋਂ ਵੀ ਉਹ ਮੋਟੀ ਗੁੱਛੀ ਨਹੀਂ ਟੁੱਟੀ।


''ਮੇਰੇ ਪੁੱਤਰੋ,'' ਜੀਤ ਸਿੰਘ ਨੇ ਆਖਿਆ, ''ਇਹ ਹੈ ਏਕਤਾ ਦੀ ਤਾਕਤ। ਜਦ ਤੁਸੀਂ ਵੱਖ-ਵੱਖ ਹੋ, ਤੁਸੀਂ ਕਮਜ਼ੋਰ ਹੋ। ਪਰ ਜਦ ਤੁਸੀਂ ਇਕੱਠੇ ਹੋ, ਤੁਹਾਨੂੰ ਕੋਈ ਨਹੀਂ ਤੋੜ ਸਕਦਾ।''

ਇਹ ਗੱਲ ਉਨ੍ਹਾਂ ਦੇ ਦਿਲ ਵਿੱਚ ਵੱਸ ਗਈ। ਉਨ੍ਹਾਂ ਨੇ ਆਪਣੇ ਸਾਰੇ ਗਿਲੇ-ਸ਼ਿਕਵੇ ਭੁਲਾ ਦਿੱਤੇ ਅਤੇ ਫਿਰ ਇੱਕ ਹੋ ਗਏ। ਅਮਨ ਨੇ ਖੇਤਾਂ ਦੀ ਦੇਖਭਾਲ ਸ਼ੁਰੂ ਕੀਤੀ, ਗੁਰਪ੍ਰੀਤ ਨੇ ਨਵੀਆਂ ਤਕਨੀਕਾਂ ਲਿਆਂਦੀਆਂ, ਹਰਦੀਪ ਵਪਾਰ ਦੀ ਜ਼ਿੰਮੇਵਾਰੀ ਲੈਣ ਲੱਗਾ, ਸਿਮਰਨ ਨੇ ਘਰ ਦੀ ਸੰਭਾਲ ਲਈ ਅਤੇ ਕਰਮਜੀਤ ਨੇ ਸਭ ਭਰਾਵਾਂ ਵਿੱਚ ਮਿਲਾਪ ਬਣਾਈ ਰੱਖਣ ਲੱਗਾ।

ਕੁੱਝ ਸਾਲਾਂ ਵਿੱਚ, ਉਨ੍ਹਾਂ ਦੇ ਪਿੰਡ ਨੇ ਖ਼ੂਬ ਤਰੱਕੀ ਕੀਤੀ। ਲੋਕ ਉਨ੍ਹਾਂ ਦੇ ਭਾਈਚਾਰੇ ਦੀ ਮਿਸਾਲ ਦੇਣ ਲੱਗੇ। ਉਹ ਪੰਜ ਭਰਾ, ਜੋ ਕਦੇ ਵੱਖ-ਵੱਖ ਹੋਣ ਲੱਗੇ ਸਨ, ਹੁਣ ਇਹ ਸਮਝ ਗਏ ਸਨ ਕਿ ''ਸੱਚੀ ਤਾਕਤ ਏਕਤਾ ਵਿੱਚ ਹੈ।'' ■

– ਗੁਰਸੇਵਕ ਸਿੰਘ

# ਰਾਹ ਲੱਭੋ



# ਕਿਤਾਬਾਂ ਕਿਵੇਂ ਬਣਾਈਆਂ ਜਾਂਦੀਆਂ ਹਨ?





***ਅਸੀਂ ਸਾਰੇ ਕਿਤਾਬਾਂ ਪੜ੍ਹਦੇ ਹਾਂ ਅਤੇ ਉਹਨਾਂ ਨੂੰ ਆਪਣੇ ਗਿਆਨ ਅਤੇ ਮੰਨੋਰੰਜਨ ਦਾ ਅਹਿਮ ਹਿੱਸਾ ਮੰਨਦੇ ਹਾਂ। ਪਰ ਕੀ ਤੁਸੀਂ ਕਦੇ ਸੋਚਿਆ ਹੈ ਕਿ ਕਿਤਾਬਾਂ ਕਿਵੇਂ ਬਣਾਈਆਂ ਜਾਂਦੀਆਂ ਹਨ। ਕਿਤਾਬਾਂ ਦੇ ਨਿਰਮਾਣ ਵਿੱਚ ਬਹੁਤ ਸਾਰੀ ਮਿਹਨਤ ਅਤੇ ਇੱਕ ਕਿਰਿਆ ਸ਼ਾਮਿਲ ਹੁੰਦੀ ਹੈ। ਆਓ ਜਾਣਦੇ ਹਾਂ ਕਿਤਾਬਾਂ ਬਣਾਉਣ ਦਾ ਪੂਰਾ ਤਰੀਕਾ।***

## 1. ਲੇਖਨ (Writing)

ਕਿਤਾਬ ਬਣਾਉਣ ਦਾ ਪਹਿਲਾ ਕਦਮ ਹੈ ਉਸ ਦਾ ਲਿਖਣਾ। ਸਭ ਤੋਂ ਪਹਿਲਾਂ ਲੇਖਕ ਆਪਣੀ ਸੋਚ ਅਤੇ ਵਿਚਾਰਾਂ ਨੂੰ ਸ਼ਬਦਾਂ ਵਿੱਚ ਬਦਲਦੇ ਹਨ। ਲੇਖਕ ਆਪਣੀ ਕਿਤਾਬ ਦੇ ਵਿਸ਼ੇ ਤੇ ਰਿਸਰਚ ਕਰਦੇ ਹਨ ਅਤੇ ਫਿਰ ਉਸ ਤੇ ਲਿਖਦੇ ਹਨ। ਇਹ ਕੰਮ ਕਈ ਮਹੀਨਿਆਂ ਜਾਂ ਸਾਲਾਂ ਤਕ ਵੀ ਚਲ ਸਕਦਾ ਹੈ। ਲੇਖਕ ਨੂੰ ਆਪਣੀ ਕਿਤਾਬ ਵਿੱਚ ਹਰ ਗੱਲ ਸਹੀ ਅਤੇ ਦਿਲਚਸਪ ਢੰਗ ਨਾਲ ਪੇਸ਼ ਕਰਨੀ ਪੈਂਦੀ ਹੈ।






## 2. ਸੰਪਾਦਨ (Editing)

ਲੇਖਕ ਦੇ ਰਾਹੀਂ ਲਿਖੀ ਗਈ ਕਿਤਾਬ ਨੂੰ ਫਿਰ ਇੱਕ ਸੰਪਾਦਕ ਪੜ੍ਹਦਾ ਹੈ। ਸੰਪਾਦਕ ਇਹ ਨਿਸ਼ਚਿਤ ਕਰਦਾ ਹੈ ਕਿ ਕਿਤਾਬ ਵਿੱਚ ਕੋਈ ਗਲਤੀ ਨਾ ਹੋਵੇ, ਜਿਵੇਂ ਵਿਆਕਰਣ ਦੀਆਂ ਗਲਤੀਆਂ ਜਾਂ ਤੱਥਾਤਮਕ ਗਲਤੀਆਂ। ਉਹ ਕਿਤਾਬ ਨੂੰ ਸੁਧਾਰਦਾ ਹੈ, ਤਾਂਕਿ ਉਹ ਪਾਠਕਾਂ ਲਈ ਹੋਰ ਵੀ ਦਿਲਚਸਪ ਅਤੇ ਸਮਝਣ ਵਿੱਚ ਸੌਖੀ ਹੋਵੇ।

## 3. ਡਿਜ਼ਾਇਨ (Designing)

ਕਿਤਾਬ ਦੇ ਪੰਨਿਆਂ ਨੂੰ ਦਿਲਖਿਚਵਾਂ ਬਣਾਉਣ ਲਈ ਉਸ ਦਾ ਡਿਜ਼ਾਇਨ ਕੀਤਾ ਜਾਂਦਾ ਹੈ। ਇਸ ਵਿੱਚ ਕਿਤਾਬ ਦਾ ਕਵਰ ਡਿਜ਼ਾਇਨ, ਪੰਨਿਆਂ ਦਾ ਲੇਆਊਟ ਅਤੇ ਚਿੱਤਰਾਂ ਦੀ ਚੋਣ ਸ਼ਾਮਿਲ ਹੁੰਦਾ ਹੈ। ਡਿਜ਼ਾਈਨਰ ਇਹ ਤੈਅ ਕਰਦਾ ਹੈ ਕਿ ਕਿਤਾਬ ਦੀ ਹਰ ਚੀਜ਼ ਸੁੰਦਰ ਅਤੇ ਸਾਫ਼-ਸੁਥਰੀ ਹੋਵੇ। ਇਸ ਦੇ ਇਲਾਵਾ, ਕਿਤਾਬ ਦੇ ਕਵਰ ਤੇ ਉਸਦਾ ਨਾਮ, ਲੇਖਕ ਦਾ ਨਾਮ ਅਤੇ ਫੋਟੋ ਵੀ ਹੁੰਦੀਆਂ ਹਨ, ਜਿਹੜੀਆਂ ਕਿਤਾਬ ਨੂੰ ਦਿਲਚਸਪ ਬਣਾਉਂਦੀਆਂ ਹਨ।





## 4. ਪ੍ਰਿੰਟਿੰਗ (Printing)

ਜਦੋਂ ਕਿਤਾਬ ਦਾ ਲੇਖਨ ਅਤੇ ਡਿਜ਼ਾਇਨ ਤਿਆਰ ਹੋ ਜਾਂਦਾ ਹੈ, ਤਾਂ ਉਸ ਨੂੰ ਪ੍ਰਿੰਟ ਕਰਨ ਲਈ ਪ੍ਰੈਸ ਭੇਜਿਆ ਜਾਂਦਾ ਹੈ। ਪ੍ਰਿੰਟਿੰਗ ਦੇ ਦੌਰਾਨ, ਕਿਤਾਬ ਦੇ ਪੰਨੇ ਇੱਕਠੇ ਛਾਪੇ ਜਾਂਦੇ ਹਨ। ਇਹ ਬਹੁਤ ਹੀ ਸਟਕੀ ਕਿਰਿਆ ਹੁੰਦੀ ਹੈ, ਜਿਸ ਵਿੱਚ ਕਿਤਾਬ ਦੇ ਪੰਨੇ ਸਹੀ ਤਰੀਕੇ ਨਾਲ ਛਾਪੇ ਜਾਂਦੇ ਹਨ ਅਤੇ ਉਹਨਾਂ ਨੂੰ ਲੜੀਵਾਰ ਰੱਖਿਆ ਜਾਂਦਾ ਹੈ। ਪ੍ਰਿੰਟਿੰਗ ਮਸ਼ੀਨ ਵਿੱਚ ਇੱਕ ਵਾਰ ਵਿੱਚ ਹਜ਼ਾਰਾਂ ਪੰਨੇ ਛਾਪੇ ਜਾ ਸਕਦੇ ਹਨ।

## 5. ਬੰਨ੍ਹਣਾ (Binding)

ਕਿਤਾਬਾਂ ਦੇ ਪੰਨੇ ਜਦੋਂ ਛਪ ਕੇ ਤਿਆਰ ਹੋ ਜਾਂਦੇ ਹਨ, ਤਾਂ ਉਹਨਾਂ ਨੂੰ ਜੋੜਨ ਦੀ ਕਿਰਿਆ ਸ਼ੁਰੂ ਹੁੰਦੀ ਹੈ। ਇਸ ਕਿਰਿਆ ਨੂੰ ਬਾਈਡਿੰਗ ਕਹਿੰਦੇ ਹਨ। ਕਿਤਾਬ ਦੇ ਪੰਨਿਆਂ ਨੂੰ ਇੱਕਠੇ ਜੋੜ ਕੇ, ਉਹਨਾਂ ਦੀ ਸਿਲਾਈ ਕੀਤੀ ਜਾਂਦੀ ਹੈ ਅਤੇ ਫਿਰ ਕਿਤਾਬ ਨੂੰ ਇੱਕ ਕਵਰ ਵਿੱਚ ਬੰਨ੍ਹ ਦਿੱਤਾ ਜਾਂਦਾ ਹੈ। ਇਸ ਦੇ ਬਾਅਦ ਕਿਤਾਬ ਦੇ ਪੰਨੇ ਚੰਗੀ ਤਰ੍ਹਾਂ ਜੁੜ ਜਾਂਦੇ ਹਨ ਅਤੇ ਉਹ ਇੱਕ ਕਿਤਾਬ ਦੀ ਸ਼ਕਲ ਵਿੱਚ ਤਿਆਰ ਹੋ ਜਾਂਦੀ ਹੈ।



ਚੱਲੋ ਘੁੰਮਣ



# ਤਾਜਮਹਿਲ

ਤਾਜਮਹਿਲ, ਭਾਰਤ ਦਾ ਸਭ ਤੋਂ ਮਸ਼ਹੂਰ ਅਤੇ ਸੁੰਦਰ ਸਮਾਰਕਾਂ ਵਿੱਚੋਂ ਇੱਕ ਹੈ। ਇਹ ਭਾਰਤ ਦੇ ਉੱਤਰ ਪ੍ਰਦੇਸ਼ ਰਾਜ ਦੇ ਆਗਰਾ ਸ਼ਹਿਰ ਵਿੱਚ ਸਥਿਤ ਹੈ। ਤਾਜਮਹਿਲ ਇੱਕ ਸੁੰਦਰ ਮਕਬਰਾ ਹੈ, ਜਿਸ ਨੂੰ ਮੁਗਲ ਸਮਰਾਟ ਸ਼ਾਹਜਹਾਂ ਨੇ ਆਪਣੀ ਪਤਨੀ ਮੁਮਤਾਜ ਮਹਿਲ ਦੀ ਯਾਦ ਵਿੱਚ ਬਣਵਾਇਆ ਸੀ। ਤਾਜਮਹਿਲ ਨੂੰ ਚਿੱਟੇ ਸੰਗਮਰਮਰ ਨਾਲ ਬਣਾਇਆ ਗਿਆ ਹੈ ਅਤੇ ਇਹ ਆਪਣੀ ਸੁੰਦਰਤਾ, ਵਾਸਤੂਕਲਾ ਅਤੇ ਇਤਿਹਾਸ ਦੇ ਕਾਰਣ ਪੂਰੀ ਦੁਨੀਆਂ ਵਿੱਚ ਮਸ਼ਹੂਰ ਹੈ। ਆਓ, ਤਾਜਮਹਿਲ ਦੀ ਯਾਤਰਾ ਤੇ ਜਾਣਦੇ ਹਾਂ ਕੁੱਝ ਖਾਸ ਗੱਲਾਂ।

## ਤਾਜਮਹਿਲ ਦਾ ਇਤਿਹਾਸ

ਤਾਜਮਹਿਲ ਦਾ ਨਿਰਮਾਣ 1632 ਵਿੱਚ ਸ਼ੁਰੂ ਹੋਇਆ ਸੀ ਅਤੇ ਇਹ 1653 ਵਿੱਚ ਪੂਰਾ ਹੋਇਆ। ਇਹ ਸ਼ਾਹਜਹਾਂ ਦੇ ਦਿਲ ਨਾਲ ਜੁੜਿਆ ਹੋਇਆ ਸੀ ਕਿਉਂਕਿ ਉਹਨਾਂ ਨੇ ਆਪਣੀ ਪਤਨੀ ਮੁਮਤਾਜ ਮਹਿਲ ਨੂੰ ਗੁਵਾਅ ਦਿੱਤਾ ਸੀ। ਮੁਮਤਾਜ ਦੀ ਮੌਤ ਦੇ ਬਾਅਦ, ਸ਼ਾਹਜਹਾਂ ਨੇ ਉਹਨਾਂ ਦੀ ਯਾਦ ਵਿੱਚ ਤਾਜ ਮਹਿਲ ਬਣਾਉਣ ਦਾ ਪ੍ਰਣ ਲਿਆ। ਤਾਜਮਹਿਲ ਦੀ ਵਾਸਤੂਕਲਾ ਅਤੇ ਉਸਦੀ ਸੁੰਦਰਤਾ ਅੱਜ ਵੀ ਲੋਕਾਂ ਨੂੰ ਆਪਣੇ ਵੱਲ ਖਿੱਚਦੀ ਹੈ।

## ਤਾਜਮਹਿਲ ਦੀ ਵਾਸਤੂਕਲਾ

ਤਾਜਮਹਿਲ ਨੂੰ ਚਿੱਟੇ ਸੰਗਮਰਮਰ ਨਾਲ ਬਣਾਇਆ ਗਿਆ ਹੈ ਅਤੇ ਇਸ ਦੀਆਂ ਕੰਧਾਂ ਤੇ ਸ਼ਾਨਦਾਰ ਨੱਕਾਸ਼ੀ ਕੀਤੀ ਗਈ ਹੈ। ਇਸ ਦੇ ਚਾਰੇ ਪਾਸੇ ਖੂਬਸੂਰਤ ਬਗੀਚੇ ਹਨ ਅਤੇ ਇੱਥੇ ਇੱਕ ਵਿਸ਼ਾਲ ਪਾਣੀ ਦੀ ਝੀਲ ਵੀ ਹੈ, ਜਿਹੜੀ ਤਾਜਮਹਿਲ ਦੀ ਸੁੰਦਰਤਾ ਨੂੰ ਹੋਰ ਵਧਾਉਂਦੀ ਹੈ। ਤਾਜਮਹਿਲ ਦੇ ਅੰਦਰ ਸ਼ਾਹਜਹਾਂ ਅਤੇ ਮੁਮਤਾਜ ਮਹਿਲ ਦੀਆਂ ਕਬਰਾਂ ਹਨ, ਜਿਹੜੀਆਂ ਬਰੀਕੀ ਨਾਲ ਸਜਾਈਆਂ ਗਈਆਂ ਹਨ।

ਤਾਜਮਹਿਲ ਦੇ ਦਾਖਲੇ ਗੇਟ ਵਿੱਚ ਇੱਕ ਵੱਡਾ ਸਾਰਾ ਵਿਹੜਾ ਹੈ, ਅਤੇ ਇਸ ਵਿਹੜੇ ਵਿੱਚ ਚਾਰ ਬੁਰਜ (ਸੰਗਮਰਮਰ ਦੇ ਸਤੰਭ) ਹਨ। ਇਸ ਦੇ ਇਲਾਵਾ ਤਾਜਮਹਿਲ ਦੇ ਕੋਲ ਹੀ ਇੱਕ ਬਹੁਤ ਸੁੰਦਰ ਮਸਜਿਦ ਅਤੇ ਇੱਕ ਜਲਪਾਤਰ ਵੀ ਹੈ, ਜਿਹੜੇ ਇਸ ਦੀ ਵਾਸਤੂਕਲਾ ਨੂੰ ਹੋਰ ਸ਼ਾਨਦਾਰ ਬਣਾਉਂਦੇ ਹਨ।

## ਤਾਜਮਹਿਲ ਦਾ ਮਹੱਤਵ


ਤਾਜਮਹਿਲ ਨੂੰ ਵਿਸ਼ਵ ਧਰੋਹਰ ਸਥਲ ਦੇ ਨਾਮ ਨਾਲ ਮਾਨਤਾ ਪ੍ਰਾਪਤ ਹੈ। ਇਹ ਨਾ ਸਿਰਫ ਭਾਰਤ ਸਗੋਂ ਪੂਰੇ ਸੰਸਾਰ ਲਈ ਇੱਕ ਇਤਿਹਾਸਕ ਅਤੇ ਸੱਭਿਆਚਾਰ ਧਰੋਹਰ ਹੈ। ਤਾਜਮਹਿਲ ਦਾ ਚਿੱਟਾ ਸੰਗਮਰਮਰ ਸੂਰਜ ਚੜ੍ਹਨ ਅਤੇ ਸੂਰਜ ਡੁੱਬਣ ਸਮੇਂ ਵੱਖ-ਵੱਖ ਰੰਗਾਂ ਵਿੱਚ ਬਦਲਦਾ ਹੈ, ਜਿਹੜਾ ਇਸ ਨੂੰ ਹੋਰ ਵੀ ਦਿਲਖਿਚਵਾਂ ਬਣਾਉਂਦਾ ਹੈ। ਇਹ ਇੱਕ ਪਿਆਰ ਦਾ ਪ੍ਰਤੀਕ ਹੈ ਅਤੇ ਇਸ ਨੂੰ ਪਿਆਰ ਦੀ ਸਮਾਰਕ ਦੇ ਰੂਪ ਵਿੱਚ ਵੀ ਜਾਣਿਆ ਜਾਂਦਾ ਹੈ।

## ਤਾਜਮਹਿਲ ਦਾ ਦੌਰਾ ਕਰਦੇ ਸਮੇਂ ਧਿਆਨ ਰੱਖੋ ਇਹ ਗੱਲਾਂ

- *ਤਾਜਮਹਿਲ ਦੇ ਅੰਦਰ ਜਾਣ ਲਈ ਟਿਕਟ ਦੀ ਲੋੜ ਹੁੰਦੀ ਹੈ। ਬੱਚਿਆਂ ਲਈ ਵੀ ਟਿਕਟ ਹੈ ਪਰ ਛੋਟੇ ਬੱਚਿਆਂ ਨੂੰ ਮੁਫਤ ਦਾਖਿਲਾ ਮਿਲਦਾ ਹੈ।*
- *ਤਾਜਮਹਿਲ ਵਿੱਚ ਸ਼ਾਂਤੀ ਬਣਾਈ ਰੱਖੋ ਅਤੇ ਕੋਈ ਵੀ ਗੰਦਗੀ ਨਾ ਫੈਲਾਓ।*
- *ਤਾਜਮਹਿਲ ਦੀ ਸੁੰਦਰਤਾ ਨੂੰ ਬਣਾਈ ਰੱਖਣ ਲਈ ਸੈਲਾਨੀਆਂ ਨੂੰ ਸੰਗਮਰਮਰ ਦੀਆਂ ਦੀਵਾਰਾਂ ਅਤੇ ਫੁਹਾਰਿਆਂ ਨੂੰ ਛੂਹਣ ਦੀ ਆਗਿਆ ਨਹੀਂ ਹੈ।*
- *ਤੁਸੀਂ ਤਾਜਮਹਿਲ ਦੇ ਕੋਲ ਸਥਿਤ ਬਗੀਚੇ ਵਿੱਚ ਘੁੰਮ ਸਕਦੇ ਹੋ ਅਤੇ ਫੋਟੋ ਖਿੱਚ ਸਕਦੇ ਹੋ, ਪਰ ਇਸ ਗੱਲ ਦਾ ਧਿਆਨ ਰੱਖੋ ਕਿ ਕਿਸੇ ਵੀ ਇਤਿਹਾਸਕ ਸਥਲ ਦੀ ਇੱਜ਼ਤ ਕਰੀਏ।*

## ਸਿੱਟਾ

ਤਾਜਮਹਿਲ ਭਾਰਤ ਦਾ ਇੱਕ ਅਨੋਖਾ ਧਰੋਹਰ ਹੈ ਅਤੇ ਇਸ ਦੀ ਯਾਤਰਾ ਹਰ ਕਿਸੇ ਦੇ ਲਈ ਖਾਸ ਅਨੁਭਵ ਹੁੰਦੀ ਹੈ। ਇਹ ਨਾ ਕੇਵਲ ਭਾਰਤੀਆਂ ਲਈ ਸਗੋਂ ਵਿਦੇਸ਼ੀਆਂ ਲਈ ਵੀ ਇੱਕ ਦਿਲ ਖਿਚਵਾਂ ਸਥਾਨ ਹੈ। ਤਾਜਮਹਿਲ ਨੂੰ ਵੇਖਣਾ ਅਤੇ ਉਸ ਦੇ ਇਤਿਹਾਸ ਨੂੰ ਜਾਣਨਾ ਇੱਕ ਦਿਲਚਸਪ ਅਨੁਭਵ ਹੈ। ਜੇਕਰ ਤੁਸੀਂ ਕਦੇ ਆਗਰੇ ਜਾਓ ਤਾਂ ਤਾਜਮਹਿਲ ਦੀ ਯਾਤਰਾ ਜ਼ਰੂਰ ਕਰੋ ਅਤੇ ਇਸ ਦੀ ਅਨੋਖੀ ਸੁੰਦਰਤਾ ਦਾ ਆਨੰਦ ਲਉ। ■



ਕਹਾਣੀ ਨੇ ਕਿਹਾ

# ਏਕੇ ਦੀ ਸ਼ਕਤੀ



ਇੱਕ ਹਾਥੀ ਬੜਾ ਭੂਤਰਿਆ ਹੋਇਆ ਸੀ। ਛੋਟੇ-ਛੋਟੇ ਰੁੱਖਾਂ ਨੂੰ ਆਪਣੀ ਤਾਕਤਵਰ ਸੁੰਡ ਨਾਲ ਜੜ੍ਹੋਂ ਉਖੇੜਦਾ ਰਹਿੰਦਾ। ਇਸ ਕਰਕੇ ਪੰਛੀਆਂ ਦੇ ਆਲ੍ਹਣੇ ਨਸ਼ਟ ਹੋ ਜਾਂਦੇ। ਉਹਨਾਂ ਵਿਚਲੇ ਆਂਡੇ ਫੁੱਟ ਜਾਂਦੇ। ਬੋਟ ਮਰ ਜਾਂਦੇ। ਇੱਕ ਦਿਨ ਖਰਗੋਸ਼ਾਂ ਦੀਆਂ ਖੁੱਡਾਂ ਮਿੱਧ ਦਿੱਤੀਆਂ।

ਪਸ਼ੂ-ਪੰਛੀ ਇਕੱਠੇ ਹੋ ਕੇ ਹਾਥੀ ਨੂੰ ਸਮਝਾਉਣ ਲਈ ਗਏ ਪਰ ਉਹ ਬੋਲਿਆ, ''ਮੈਂ ਸਭ ਤੋਂ ਬਲਵਾਨ ਹਾਂ। ਮੇਰਾ ਮੁਕਾਬਲਾ ਕਰਨ ਦੀ ਕਿਸ ਵਿੱਚ ਹਿੰਮਤ ਹੈ? ਜੰਗਲ ਦਾ ਕੋਈ ਵੀ ਪਸ਼ੂ ਮੇਰਾ ਮੁਕਾਬਲਾ ਨਹੀਂ ਕਰ ਸਕਦਾ।''

ਜੰਗਲ ਦੇ ਕਈ ਪਸ਼ੂ ਹਾਥੀ ਤੋਂ ਤੰਗ ਆ ਕੇ ਕਿਸੇ ਹੋਰ ਜੰਗਲ ਦਾ ਕਿਨਾਰਾ ਕਰਨ ਲੱਗੇ।

ਇੱਕ ਦਿਨ ਹਾਥੀ ਆਪਣੀ ਸੁੰਡ ਨਾਲ ਇੱਕ ਰੁੱਖ ਨੂੰ ਪੁੱਟਣ ਲੱਗਾ। ਇੱਕ ਘੁੱਗੀ ਰੋਂਦੀ-ਰੋਂਦੀ ਉਸ ਦੇ ਕੋਲ ਆਈ ਅਤੇ ਉਸ ਦੇ ਤਰਲੇ ਪਾਉਣ ਲੱਗੀ, ''ਹਾਥੀ ਵੀਰਾ! ਰੱਬ ਦੇ ਵਾਸਤੇ ਇਸ ਰੁੱਖ ਨੂੰ ਜੜ੍ਹੋਂ ਨਾ ਪੁੱਟ। ਇਸ ਤੇ ਮੇਰਾ ਆਲ੍ਹਣਾ ਹੈ ਜਿਸ ਵਿੱਚ ਮੇਰੇ ਦੋ ਛੋਟੇ-ਛੋਟੇ ਬੱਚੇ ਹਨ। ਮੈਂ ਤੇਰਾ ਅਹਿਸਾਨ ਜ਼ਿੰਦਗੀ ਭਰ ਨਹੀਂ ਭੁੱਲਾਂਗੀ....।''

ਪਰ ਹਾਥੀ ਤੇ ਉਸ ਦੀ ਬੇਨਤੀ ਦਾ ਕੋਈ ਅਸਰ ਨਾ ਹੋਇਆ। ਉਸ ਨੇ ਉਸ ਰੁੱਖ ਨੂੰ ਆਪਣੀ ਸੁੰਡ ਨਾਲ ਜੜ੍ਹੋਂ ਉਖੇੜ ਦਿੱਤਾ। ਆਲ੍ਹਣੇ ਵਿੱਚ ਪਏ ਦੋ ਛੋਟੇ-ਛੋਟੇ ਬੱਚੇ ਮਰ ਗਏ। ਘੁੱਗੀ ਰੋਈ ਕੁਰਲਾਈ, ਪਰ ਹੁਣ ਕੀ ਹੋ ਸਕਦਾ ਸੀ।

ਘੁੱਗੀ ਖਰਗੋਸ਼ ਕੋਲ ਗਈ ਤੇ ਉਹਨੂੰ ਆਪਣੇ ਨਾਲ ਬੀਤੀ ਸਾਰੀ ਕਹਾਣੀ ਕਹਿ ਸੁਣਾਈ। ਖਰਗੋਸ਼ ਵੀ ਹਾਥੀ ਦਾ ਸਤਾਇਆ ਹੋਇਆ ਸੀ। ਉਹ ਵੀ ਹਾਥੀ ਤੋਂ ਛੇਤੀ ਤੋਂ ਛੇਤੀ ਬਦਲਾ ਲੈਣਾ ਚਾਹੁੰਦਾ ਸੀ।

ਖਰਗੋਸ਼ ਬੋਲਿਆ, ''ਵੇਖੋ ਭੈਣ ਕੋਈ ਵੱਡੀ ਮੁਸੀਬਤ ਜਾਂ ਸਮੱਸਿਆ ਆ ਜਾਵੇ ਤਾਂ ਉਸ ਨੂੰ ਹੱਲ ਕਰਨਾ ਇੱਕਲੇ ਜਣੇ ਦੇ ਵੱਸ ਦੀ ਗੱਲ ਨਹੀਂ ਹੁੰਦਾ। ਉਸ ਨੂੰ ਹੱਲ ਕਰਨ ਲਈ ਸਾਡੇ ਸਾਰਿਆਂ ਦਾ ਏਕਾ ਬੜਾ ਜ਼ਰੂਰੀ ਹੈ। ਇਸ ਲਈ ਯੋਜਨਾ ਬਣਾਉਣੀ ਪਵੇਗੀ। ਸਿਆਣਿਆਂ ਨੇ ਵੀ ਕਿਹਾ ਹੈ ਕਿ ਇੱਕ ਇੱਕਲਾ, ਦੋ ਗਿਆਰਾਂ।''

ਖਰਗੋਸ਼ ਨੇ ਭਾਰੀ ਗਿਣਤੀ ਵਿੱਚ ਪਸ਼ੂਆਂ ਨੂੰ ਇੱਕਠਾ ਕਰ ਲਿਆ ਅਤੇ ਹਾਥੀ ਤੋਂ ਆਪਣਾ ਬਦਲਾ ਲੈਣ ਲਈ ਤਦਬੀਰਾਂ ਬਣਾਉਣ ਲੱਗੇ।

ਸਾਰੇ ਪਸ਼ੂ-ਪੰਛੀ ਹੁਣ ਆਪੋ-ਆਪਣੀਆਂ ਯੋਜਨਾਵਾਂ

ਬਣਾਉਣ ਲੱਗੇ। ਖਰਗੋਸ਼ ਨੇ ਇੱਕ ਸਿਆਣਪ ਭਰੀ ਯੋਜਨਾ ਦੀ ਕਾਢ ਕੱਢੀ। ਬਾਕੀ ਉਸ ਦੀ ਯੋਜਨਾ ਨਾਲ ਖੁਸ਼ ਹੋ ਗਏ ਸਨ। ਸਾਰਿਆਂ ਨੂੰ ਉਮੀਦ ਸੀ ਕਿ ਖਰਗੋਸ਼ ਦੀ ਇਹ ਯੋਜਨਾ ਜ਼ਰੂਰ ਹੀ ਸਫਲ ਹੋ ਜਾਵੇਗੀ। ਯੋਜਨਾ ਅਨੁਸਾਰ ਉਹਨਾਂ ਨੇ ਜੰਗਲ ਵਿੱਚ ਖੂਹ ਪੁਟਣਾ ਸ਼ੁਰੂ ਕਰ ਦਿੱਤਾ। ਉਹਨਾਂ ਦੇ ਏਕੇ ਅੱਗੇ ਹਰ ਮੁਸ਼ਕਿਲ ਸੌਖੀ ਹੁੰਦੀ ਜਾ ਰਹੀ ਸੀ। ਉਹਨਾਂ ਨੇ ਆਪਣੀ ਅਣਥੱਕ ਮਿਹਨਤ ਨਾਲ ਕੁੱਝ ਹੀ ਸਮੇਂ ਵਿੱਚ ਇੱਕ ਬਹੁਤ ਵੱਡਾ ਖੂਹ ਪੁੱਟ ਲਿਆ। ਹੁਣ ਖਰਗੋਸ਼ ਦੇ ਕਹੇ ਮੁਤਾਬਿਕ ਦੂਜੇ ਪਸ਼ੂ-ਪੰਛੀ ਉਸ ਖੂਹ ਨੂੰ ਘਾਹਫੂਸ ਅਤੇ ਤੀਲੀਆਂ ਆਦਿ ਨਾਲ ਢੱਕਣ ਵਿੱਚ ਜੁੱਟ ਗਏ। ਘਾਹ ਫੂਸ ਆਦਿ ਨਾਲ ਢੱਕਣ ਕਰਕੇ ਉਹ ਇਸ ਤਰ੍ਹਾਂ ਜਾਪਦਾ ਸੀ ਜਿਵੇਂ ਉਥੇ ਕੋਈ ਖੂਹ ਨਾ ਹੋਵੇ ਸਗੋਂ ਉਂਝ ਹੀ ਉਥੇ ਘਾਹਫੂਸ ਆਦਿ ਦਾ ਢੇਰ ਜਿਹਾ ਪਿਆ ਹੋਵੇ।

ਪਰ ਹੁਣ ਹਾਥੀ ਨੂੰ ਇੱਧਰ ਕਿਵੇਂ ਲਿਆਂਦਾ ਜਾਵੇ, ਇਹ ਸਵਾਲ ਸੀ। ਇਸ ਕੰਮ ਲਈ ਗਿੱਦੜ ਨੂੰ ਜ਼ਿੰਮੇਵਾਰੀ ਸੌਂਪੀ ਗਈ। ਉਹ ਹਾਥੀ ਨੂੰ ਕਹਿਣ ਲੱਗਾ, ''ਮਾਮਾ, ਇੱਧਰ ਕੀ ਕਰਦਾ ਏਂ, ਚੱਲ ਮੇਰੇ ਨਾਲ ਗੰਨੇ ਚੂਪਾਵਾਂਗਾ।''

ਹਾਥੀ ਉਸ ਦੇ ਪਿੱਛੇ-ਪਿੱਛੇ ਤੁਰ ਪਿਆ। ਐਨੇ ਨੂੰ ਲੂੰਮੜੀ ਸਾਹਮਣਿਉਂ ਆਉਂਦੀ ਦਿਸੀ। ਗਿੱਦੜ ਨੇ ਪੁੱਛਿਆ, ''ਲੂੰਮੜੀ ਭੈਣ, ਕਿੱਥੋਂ ਆ ਰਹੀ ਏਂ?''

ਲੂੰਮੜੀ ਨੇ ਝੱਟ ਜਵਾਬ ਦਿੱਤਾ, ''ਗੰਨੇ ਚੂਪ ਕੇ ਆਈਂ ਆਂ। ਬਾਹਲੇ ਮਿੱਠੇ ਸਨ...। ਪਰ ਗੰਨਿਆਂ ਦਾ ਖੇਤ ਹੈ ਜ਼ਰਾ ਦੂਰ ....।''

ਹਾਥੀ ਥੱਕ ਗਿਆ ਸੀ। ਗੰਨਿਆਂ ਦਾ ਨਾਂ ਸੁਣ ਕੇ ਉਸ ਦੇ ਮੂੰਹ ਵਿੱਚ ਪਾਣੀ ਵੀ ਆ ਗਿਆ।

ਅੱਗੋਂ ਖਰਗੋਸ਼ ਆਉਂਦਾ ਦਿਖਾਈ ਦਿੱਤਾ। ਹਾਥੀ ਕੋਲ ਆ ਕੇ ਉਹਨੂੰ ਰੋਣੀ ਜਿਹੀ ਆਵਾਜ਼ ਵਿੱਚ ਕਹਿਣ ਲੱਗਾ, ''ਹਾਥੀ ਅੰਕਲ ਮੇਰੇ ਨਾਲ ਮੇਰੀ ਆਪਣੀ ਬਰਾਦਰੀ ਦੇ ਖਰਗੋਸ਼ਾਂ ਨੇ ਮੇਰਾ ਜੀਣਾ ਮੁਸ਼ਕਿਲ ਕੀਤਾ ਹੋਇਆ ਹੈ। ਮੈਂ ਤੇਰੀ ਸਹਾਇਤਾ ਨਾਲ ਉਹਨਾਂ ਨੂੰ ਇੱਕ ਸਬਕ ਸਿਖਾਉਣਾ ਚਾਹੁੰਦਾ ਹਾਂ।''

ਹਾਥੀ ਬੋਲਿਆ, ''ਓਏ ਪਹਿਲਾਂ ਮੈਂ ਗੰਨੇ ਚੂਪਣੇ ਨੇ। ਫੇਰ ਵੇਖਾਂਗਾ ਤੇਰੇ ਦੁਸ਼ਮਣਾਂ ਨੂੰ....।''

ਗਿੱਦੜ ਬੋਲਿਆ, ''ਚਲ ਮਾਮਾ ਦੋ ਮਿੰਟ ਇਹਦੀ ਵੀ ਫ਼ਰਿਆਦ ਪੂਰੀ ਕਰ ਦੇ....।''

ਰੁੱਖ ਤੇ ਬੈਠਾ ਮੋਰ ਬੋਲਿਆ, ''ਹਾਥੀ ਹਾਥੀ, ਉਹ ਤਾਂ ਤੇਰਾ ਵੀ ਮਖੌਲ ਉਡਾਉਂਦੇ ਰਹਿੰਦੇ ਨੇ, ਅਖੇ ਮੂੰਹ ਨਾ ਮੱਥਾ ਤੇ ਜਿੰਨ ਪਹਾੜੋਂ ਲੱਥਾ। ਉਹਨਾਂ ਨੂੰ ਜਾ ਕੇ ਪਾਰ ਬੁਲਾ ਦੇ...।''

ਹਾਥੀ ਇਹ ਸੁਣ ਕੇ ਅੱਗ ਬਬੂਲਾ ਹੋ ਗਿਆ। ਝੱਟ ਬੋਲਿਆ, ''ਕੋਈ ਨਾ ਤੂੰ ਪਰਵਾਹ ਨਾ ਕਰ ਖਰਗੋਸ਼। ਚੱਲ ਪਹਿਲਾਂ ਮੈਂ ਉਹਨਾਂ ਦੀ ਹੀ ਸਾਰ ਲੈਂਦਾ ਹਾਂ। ਗੰਨੇ ਤਾਂ ਮੈਂ ਕੱਲ੍ਹ ਵੀ ਜਾ ਕੇ ਚੂਪ ਲਵਾਂਗਾ।''


ਖਰਗੋਸ਼ ਨੇ ਧੰਨਵਾਦ ਵਜੋਂ ਆਪਣੇ ਅਗਲੇ ਦੋਵੇਂ ਪੈਰ ਹਾਥੀ ਅੱਗੇ ਜੋੜ ਦਿੱਤੇ। ਖਰਗੋਸ਼ ਆਪਣੀ ਯੋਜਨਾ ਨੂੰ ਪ੍ਰਵਾਨ ਚੜ੍ਹ ਰਹੀ ਵੇਖ ਕੇ ਮਨ ਹੀ ਮਨ ਵਿੱਚ ਖੁਸ਼ ਹੋ ਰਿਹਾ ਸੀ। ਹਾਥੀ ਨੇ ਖਰਗੋਸ਼ ਨੂੰ ਆਪਣੀ ਸੁੰਡ ਨਾਲ ਚੁੱਕ ਕੇ ਆਪਣੇ ਉਤੇ ਬਿਠਾ ਲਿਆ। ਹੁਣ ਉਹ ਮਿੱਥੀ ਥਾਂ ਵੱਲ ਵੱਧਦੇ ਜਾ ਰਹੇ ਸਨ।

ਇੱਕ ਥਾਂ ਹਾਥੀ ਫਿਰ ਰੁੱਖਾਂ ਨੂੰ ਪੁੱਟ ਕੇ ਮਜ਼ਾ ਲੈਣ ਲੱਗ ਪਿਆ।

ਹਨ੍ਹੇਰਾ ਹੋਣ ਲੱਗ ਪਿਆ। ਖਰਗੋਸ਼ ਹਾਥੀ ਦੇ ਕੰਨ 'ਚ ਕਹਿਣ ਲੱਗਾ, ''ਦੋਸਤ ਉਹ ਵੇਖ ਰਿਹਾ ਹੈ ਨਾ ਸੁੱਕੇ ਜਿਹੇ ਘਾਹ ਦਾ ਢੇਰ। ਉਹ ਇਸ ਵੇਲੇ ਉਸ ਵਿੱਚ ਸੁੱਤੇ ਪਏ ਹਨ, ਉਹ ਮੈਨੂੰ ਆਪਣੇ ਨਾਲ ਕਦੇ ਉਸ ਨਿੱਘ ਭਰੇ ਘਾਹ ਵਿੱਚ ਸੌਣ ਨਹੀਂ ਦਿੰਦੇ ਸਨ, ਮੈਨੂੰ ਕਿਤੇ ਹੋਰ ਹੀ ਸੌਣਾ ਪੈਂਦਾ ਸੀ, ਤੂੰ ਇਉਂ ਕਰ ਮੈਨੂੰ ਇਥੇ ਹੀ ਉਤਾਰ ਦੇ ਜੇ ਕੋਈ ਖਰਗੋਸ਼ ਬਚ ਕੇ ਭੱਜਣ ਵੀ ਲੱਗੇਗਾ ਤਾਂ ਮੈਂ ਉਸ ਨੂੰ ਦਬੋਚ ਲਵਾਂਗਾ। ਤੂੰ ਉਹਨਾਂ ਦਾ ਮਲੀਆਮੇਟ ਕਰ ਦੇ...।''

ਹਾਥੀ ਖਰਗੋਸ਼ ਦੀਆਂ ਗੱਲਾਂ ਵਿੱਚ ਪੂਰੀ ਤਰ੍ਹਾਂ ਆ ਚੁੱਕਾ ਸੀ। ਉਹ ਵੀ ਇਹੀ ਚਾਹੁੰਦਾ ਸੀ। ਉਹਨੇ

ਖਰਗੋਸ਼ ਨੂੰ ਕੁੱਝ ਦੂਰ ਇੱਧਰ ਹੀ ਉਤਾਰ ਦਿੱਤਾ ਅਤੇ ਆਪ ਦੱਬੇ ਪੈਰੀਂ ਹੌਲੀ-ਹੌਲੀ ਅੱਗੇ ਵੱਲ ਵੱਧਣ ਲੱਗਾ। ਜਿਉਂ ਹੀ ਉਹ ਤੇਜ਼ੀ ਨਾਲ ਉਸ ਘਾਹ ਫੂਸ ਦੇ ਢੇਰ ਕੋਲ ਪਹੁੰਚਿਆਂ ਅਤੇ ਉਹਨੇ ਸਾਰੇ ਖਰਗੋਸ਼ਾਂ ਨੂੰ ਇੱਕਠਿਆਂ ਹੀ ਖਤਮ ਕਰਨ ਦੇ ਇਰਾਦੇ ਨਾਲ ਘਾਹ ਫੂਸ ਦੇ ਢੇਰ ਨੂੰ ਲਤਾੜਨ ਲੱਗਾ ਤਾਂ ਉਹ ਇੱਕਦਮ ਧੜਮ ਕਰਕੇ ਖੂਹ ਵਿੱਚ ਜਾ ਡਿੱਗਾ। ਹਾਥੀ ਨੇ ਬੜੀ ਉੱਚੀ-ਉੱਚੀ ਚੀਕਣਾ ਸ਼ੁਰੂ ਕਰ ਦਿੱਤਾ।



ਪਲਾਂ ਵਿੱਚ ਹੀ ਇਹ ਗੱਲ ਸਾਰੇ ਜੰਗਲ ਵਿੱਚ ਫੈਲ ਗਈ ਕਿ ਜ਼ਾਲਮ ਅਤੇ ਹੰਕਾਰੀ ਹਾਥੀ ਖਰਗੋਸ਼ ਦੀ ਸਿਆਣਪ ਨਾਲ ਕਾਬੂ ਆ ਗਿਆ ਹੈ। ਜੰਗਲ ਦੇ ਸਾਰੇ ਪਸ਼ੂ-ਪੰਛੀ ਉੱਥੇ ਪਲਾਂ ਵਿੱਚ ਹੀ ਇੱਕਠੇ ਹੋ ਗਏ।

ਸਾਰੇ ਪਸ਼ੂ ਪੰਛੀਆਂ ਨੇ ਉਸ ਖਰਗੋਸ਼ ਦੀ ਬੇਹੱਦ ਸ਼ਲਾਂਘਾ ਕੀਤੀ।

''ਹਾੜ੍ਹੇ-ਹਾੜ੍ਹੇ ਮੈਨੂੰ ਇਸ ਖੂਹ ਵਿੱਚੋਂ ਕੱਢੋ। ਤੁਹਾਡੇ ਨਾਲ ਵਾਅਦਾ ਕਰਦਾ ਹਾਂ ਕਿ ਮੈਂ ਜੰਗਲ ਹੀ ਛੱਡ ਕੇ ਚਲਾ ਜਾਵਾਂਗਾ ਅਤੇ ਅੱਗੇ ਤੋਂ ਕਿਸੇ ਨੂੰ ਤੰਗ ਪਰੇਸ਼ਾਨ ਨਹੀਂ ਕਰਾਂਗਾ। ''ਹਾਥੀ ਬੋਲਿਆ।''

ਖਰਗੋਸ਼ ਬੋਲਿਆ, ''ਅਸੀਂ ਐਨੇ ਜ਼ਾਲਮ ਨਹੀਂ ਹਾਂ ਜਿੰਨਾ ਤੂੰ ਏਂ। ਅਸੀਂ ਚਾਹੀਏ ਤਾਂ ਤੈਨੂੰ ਮਾਰ ਸਕਦੇ ਹਾਂ ਪਰ ਜਿਉਣ ਦਾ ਹੱਕ ਸਾਰਿਆਂ ਨੂੰ ਏ। ਤੈਨੂੰ ਯਾਦ ਰੱਖਣਾ ਚਾਹੀਦਾ ਏ ਕਿ ਜੀਓ ਅਤੇ ਜਿਊਣ ਦਿਓ। ਅਸੀਂ ਤੈਨੂੰ ਇਸ ਖੂਹ ਵਿੱਚੋਂ ਕੱਢ ਵੀ ਦੇਵਾਂਗੇ ਪਰ ਕੁੱਝ ਦਿਨਾਂ ਬਾਅਦ।''

ਹਾਥੀ ਬੋਲਿਆ, ''ਹਾੜ੍ਹਾ ਹਾੜ੍ਹਾ, ਇੱਦਾਂ ਨਾ ਕਰਨਾ। ਮੈਂ ਮਰ ਜਾਵਾਂਗਾ।''

ਘੁੱਗੀ ਬੋਲੀ, ''ਜੇ ਫਿਰ ਜ਼ੁਲਮ ਕਰਨ ਲੱਗਾ ਤਾਂ...?''

ਹਾਥੀ ਬੋਲਿਆ, ''ਮੈਂ ਤੁਹਾਡੇ ਸਾਰਿਆਂ ਦੀ ਏਕੇ ਦੀ ਸ਼ਕਤੀ ਨੂੰ ਜਾਣ ਲਿਆ ਏ। ਤੁਹਾਡੇ ਨਾਲ ਵਾਇਦਾ ਰਿਹਾ। ਮੈਂ ਇਹ ਜੰਗਲ ਹੀ ਛੱਡ ਜਾਵਾਂਗਾ ਅਤੇ ਅੱਗੇ ਤੋਂ ਕਦੇ ਵੀ ਇਸ ਤਰ੍ਹਾਂ ਨਹੀਂ ਕਰਾਂਗਾ।''

ਪਸ਼ੂ ਪੰਛੀਆਂ ਨੇ ਉਸ ਨੂੰ ਖੂਹ ਵਿਚੋਂ ਬਾਹਰ ਕੱਢ ਦਿੱਤਾ। ਉਸ ਤੋਂ ਬਾਅਦ ਹਾਥੀ ਜੰਗਲ ਵਿੱਚ ਕਦੇ ਨਹੀਂ ਦਿਸਿਆ। ■

– ਡਾ. ਦਰਸ਼ਨ ਸਿੰਘ 'ਆਸ਼ਟ'



ਕਵਿਤਾ



# ਵਿਸਾਖੀ

ਆਓ ਏਸ ਵਿਸਾਖੀ ਤੇ ਇਤਿਹਾਸ ਪੜ੍ਹਾਈਏ ਬੱਚਿਆਂ ਨੂੰ,
ਜਲ੍ਹਿਆਂ ਵਾਲੇ ਬਾਗ ਦੀ ਕੋਈ ਗੱਲ ਸੁਣਾਈਏ ਬੱਚਿਆਂ ਨੂੰ!

ਕਿੰਝ ਸਿਰਜਿਆ ਮਿਸ਼ਨ ਗੁਰੂ ਨੇ ਪੰਜ ਪ੍ਰਣ ਨੇ ਕੀ ਸਿਖਲਾਉਂਦੇ?
ਤੇ ਮਰਿਆਦਾ ਕੀ ਹੁੰਦੀ ਹੈ ਸਭ ਸਿਖਲਾਈਏ ਬੱਚਿਆਂ ਨੂੰ!

ਮਾਸੀ, ਚਾਚੀ ਪੂਜਣ ਜੋਗੇ ਪਰ ਮਾਂ ਤਾਂ ਮਾਂ ਹੀ ਹੁੰਦੀ ਏ,
ਸੰਗਤ ਮਾਂ ਦੀ ਗੋਦੀ ਬਹਿ ਕੇ ਲਾਡ-ਲਡਾਈਏ ਬੱਚਿਆਂ ਨੂੰ!

ਊੜਾ, ਐੜਾ ਏਹ ਹੁੰਦਾ ਤੇ ਫ਼ਗਾ, ਨਾਂਣਾਂ ਇਸ ਨੂੰ ਕਹਿੰਦੇ,
ਪਹਿਲਾਂ ਖ਼ੁਦ ਸਮਝੀਏ ਇਸ ਨੂੰ ਫੇਰ ਸਿਖਾਈਏ ਬੱਚਿਆ ਨੂੰ!


ਨੁਕਤੇ ਵਾਲੀ ਗੱਲ ਹੈ 'ਰਾਜਨ' ਕੇਵਲ ਕਹਿ ਕੇ ਕੁੱਝ ਨੀ ਹੋਣਾ,
ਪਹਿਲਾਂ ਖ਼ੁਦ ਕਿਰਦਾਰ ਬਣਾਕੇ ਫਿਰ ਸਮਝਾਈਏ ਬੱਚਿਆਂ ਨੂੰ!

– ਰਾਜਿੰਦਰ ਰਾਜਨ



ਕਹਾਣੀ ਚਲੀ ਪਿਕਨਿਕ

# ਗੁੱਸੇ ਦਾ ਨਤੀਜਾ



ਇੱਕ ਸੀ ਮਾਚਿਸ ਦੀ ਤੀਲੀ ਅਤੇ ਇੱਕ ਸੀ ਪਾਣੀ ਦੀ ਬੂੰਦ। ਦੋਵੇਂ ਲਾਗੇ-ਲਾਗੇ ਬੈਠੀਆਂ ਗੱਲਾਂ ਕਰ ਰਹੀਆਂ ਸਨ, ਤੀਲੀ ਨੇ ਕਿਹਾ, ''ਮੈਂ ਛੋਟੀ ਹੋਣ ਦੇ ਬਾਵਜੂਦ ਵੀ ਬੜੀ ਸ਼ਕਤੀਸ਼ਾਲੀ ਹਾਂ, ਚਾਹਾਂ ਤਾਂ ਸਾਰੀ ਦੁਨੀਆਂ ਨੂੰ ਸਾੜ ਕੇ ਸੁਆਹ ਕਰ ਦੇਵਾਂ।''

'ਤੈਨੂੰ ਆਪਣੀ ਤਾਕਤ ਦਾ ਗਲਤ ਅੰਦਾਜ਼ਾ ਹੈ'' ਬੂੰਦ ਨੇ ਕਿਹਾ, ''ਮੈਂ ਚਾਹਾਂ ਤਾਂ ਪਲ-ਭਰ ਵਿੱਚ ਤੈਨੂੰ ਸ਼ਕਤੀਹੀਨ ਬਣਾ ਦੇਵਾਂ।''

''ਵੱਡੀ ਆਈ ਹੈ ਤੀਸਮਾਰਖਾਂ ਬਣਨ। ਤੈਨੂੰ ਪਹਿਲਾਂ ਹੀ ਦੱਸ ਚੁੱਕੀ ਹਾਂ ਕਿ ਮੈਂ ਦੁਨੀਆਂ ਨੂੰ ਸਵਾਹ ਕਰ ਸਕਦੀ ਹਾਂ। ਤਦ ਤੇਰੀ ਕੀ ਔਕਾਤ? ਜਦ ਮੈਂ ਆਪਣੀ ਸ਼ਕਤੀ ਦਾ ਇਸਤੇਮਾਲ ਕਰਾਂਗੀ ਤਾਂ ਤੂੰ ਪਲ ਭਰ ਵਿੱਚ ਵਾਸ਼ਪ ਬਣ ਕੇ ਆਸਮਾਨ ਦੀ ਰਾਹ ਫੜ੍ਹ ਲਓਗੀ।'' ਬੂੰਦ ਦੀ ਗੱਲ ਸੁਣ ਕੇ ਤੀਲੀ ਨੇ ਭੜਕਦੇ ਹੋਏ ਕਿਹਾ।

ਭਲਾ ਬੂੰਦ ਕਦੋਂ ਚੁੱਪ ਰਹਿਣ ਵਾਲੀ ਸੀ। ਸ਼ਾਂਤ ਸੁਰ ਵਿੱਚ ਹੌਲੀ ਜਿਹੇ ਬੋਲੀ, ''ਸਾਰੀ ਸਮਝ ਦੀ ਗੱਲ ਹੈ। ਵੱਡੇ-ਵੱਡੇ ਸ਼ਕਤੀਸ਼ਾਲੀ ਵੀ ਸਮੇਂ ਦੀ ਮਾਰ ਖਾ ਕੇ ਸ਼ਕਤੀਹੀਨ ਹੋ ਜਾਂਦੇ ਹਨ। ਉਸੇ ਤਰ੍ਹਾਂ ਸਮਾਂ ਪਾ ਕੇ ਸ਼ਕਤੀਹੀਨ ਵੀ ਸ਼ਕਤੀਸ਼ਾਲੀ ਹੋ ਜਾਂਦੇ ਹਨ।

''ਜਿਸ ਵਿੱਚ ਸ਼ਕਤੀ ਹੀ ਨਾ ਹੋਵੇ ਉਹ ਭਲਾ ਕੀ ਸਵਾਹ ਸ਼ਕਤੀ ਵਿਖਾਵੇਗਾ?'' ਤੀਲੀ ਨੇ ਆਕੜ ਕੇ ਕਿਹਾ, ''ਜਿਸ ਵਿੱਚ ਸ਼ਕਤੀ ਹੈ, ਸਮਾਂ ਉਸ ਦੀ ਸ਼ਕਤੀ ਕਿਵੇਂ ਖਤਮ ਕਰ ਸਕਦਾ ਹੈ?''

''ਖੈਰ ਵਕਤ ਦੀ ਗੱਲ ਵਕਤ ਆਉਣ ਤੇ ਪਤਾ ਲੱਗੇਗੀ।''ਬੂੰਦ ਨੇ ਗੱਲ ਨਬੇੜਦੇ ਹੋਏ ਕਿਹਾ। ਪਰ ਤੀਲੀ ਆਪਣੀ ਸ਼ਕਤੀ ਦੇ ਮਾਣ ਵਿੱਚ ਸੀ ਬੋਲੀ, ''ਵਕਤ ਦਾ ਰੋਣਾ ਤਾਂ ਉਹ ਰੋਂਦੇ ਹਨ ਜਿਹੜੇ ਕਮਜ਼ੋਰ ਹੁੰਦੇ ਹਨ। ਤੂੰ ਕਮਜ਼ੋਰ ਹੈ, ਵਕਤ ਦਾ ਰਾਗ ਅਲਾਪ।''

''ਮੈਂ ਬਹਿਸ ਰਾਹੀਂ ਆਪਣੀ ਸ਼ਕਤੀ ਸਿੱਧ ਨਹੀਂ ਕਰਨਾ ਚਾਹੁੰਦੀ।'' ਬੂੰਦ ਨੇ ਕਿਹਾ।


''ਕੀ ਕਿਹਾ?'' ਮੈਂ ਸ਼ਕਤੀ ਸਿੱਧ ਕਰਨ ਲਈ ਬਹਿਸ ਕਰ ਰਹੀ ਹਾਂ?'' ਤੀਲੀ ਗੁੱਸੇ ਵਿੱਚ ਆ ਗਈ ਸੀ, ''ਜਿਸ ਵਿੱਚ ਸ਼ਕਤੀ ਹੀ ਨਾ ਹੋਵੇ, ਉਹ ਬਹਿਸ ਨਾਲ ਕੀ ਸਿੱਧ ਕਰ ਸਕੇਗਾ?''

''ਅੱਛਾ! ਹੁਣ ਚੁੱਪ ਰਹੋ ਬੜੀ ਦੇਰ ਤੋਂ ਰਾਗ ਵਜਾ ਰਹੀ ਹੋ।'' ਬੂੰਦ ਦਾ ਇਹ ਕਹਿਣਾ ਸੀ ਕਿ ਤੀਲੀ ਆਪਣਾ ਸੰਤੁਲਨ ਗਵਾ ਬੈਠੀ। ਉਹ ਗੁੱਸੇ ਨਾਲ ਕੰਬਣ ਲੱਗੀ, ਬੂੰਦ ਵੱਲ ਵੱਧਦੀ ਹੋਈ ਤੀਲੀ ਨੇ ਕਿਹਾ, ''ਮੈਂ ਰਾਗ ਵਜਾ ਰਹੀ ਹਾਂ ਤੈਨੂੰ ਹੁਣੇ ਖਤਮ ਕੀਤੇ ਬਿਨਾ ਨਹੀਂ ਰਹਾਂਗੀ। ਆਖਿਰ ਤੂੰ ਆਪਣੇ ਆਪ ਨੂੰ ਸਮਝਦੀ ਕੀ ਹੈ?''

ਤੀਲੀ ਗੁੱਸੇ ਵਿੱਚ ਆਪਣਾ ਆਪਾ ਗਵਾਹ ਚੁੱਕੀ ਸੀ। ਉਹ ਬੂੰਦ ਨਾਲ ਟਕਰਾ ਗਈ। ਬੂੰਦ ਨਾਲ ਉਸ ਦੇ ਟਕਰਾਉਣ ਦੀ ਦੇਰ ਸੀ ਕਿ ਉਸਦਾ ਬਾਰੂਦ ਗਿੱਲਾ ਹੋ ਗਿਆ। ਉਹ ਬੇਕਾਰ ਹੋ ਗਈ ਸੀ। ਇਹ ਉਸ ਦੇ ਗੁੱਸੇ ਦਾ ਨਤੀਜਾ ਸੀ। ਬੂੰਦ ਪਹਿਲਾਂ ਵਾਂਗ ਸ਼ਾਂਤ ਪਈ ਹੋਈ ਸੀ। ■

– ਅੰਕੁਸ਼੍ਰੀ

# ਲੇਖਕਾਂ ਨੂੰ ਬੇਨਤੀ



*ਹੰਸਤੀ ਦੁਨੀਆਂ ਦੇ ਲੇਖਕਾਂ/ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਜੂਨ 2025 ਅੰਕ ਦੇ ਲਈ 'ਕੁਦਰਤ ਬਚਾਓ' ਵਿਸ਼ੇ ਤੇ ਆਧਾਰਿਤ ਲੇਖ, ਕਵਿਤਾ, ਗੀਤ, ਕਹਾਣੀ, ਨਿਬੰਧ, ਪ੍ਰੇਰਕ-ਪ੍ਰਸੰਗ ਆਦਿ 30 ਅਪ੍ਰੈਲ 2025 ਤੋਂ ਪਹਿਲਾਂ* E-mail : hduniya.punjabi@nirankari.org *ਜਾਂ ਡਾਕ ਰਾਹੀਂ 'ਹੰਸਤੀ ਦੁਨੀਆਂ' ਐਡਮਿਨਿਸਟ੍ਰੇਟਿਵ ਬਲਾਕ, ਨਿਰੰਕਾਰੀ ਸਰੋਵਰ ਕਾਮਪਲੇਕਸ, ਦਿੱਲੀ-110009 ਨੂੰ ਭੇਜ ਸਕਦੇ ਹਨ।*

*ਨੋਟ : ਜੁਲਾਈ 2025 ਅੰਕ ਦਾ ਵਿਸ਼ਾ 'ਰੁੱਤ ਅਤੇ ਮੌਸਮ' ਹੈ। ਇਸ ਦੀਆਂ ਰਚਨਾਵਾਂ 30 ਮਈ 2025 ਤੱਕ ਭੇਜੀਆਂ ਜਾ ਸਕਦੀਆਂ ਹਨ।*

*– ਸੰਪਾਦਕ, ਹੰਸਤੀ ਦੁਨੀਆਂ*

Kids Divine ek ruhani muskaan

www.kids.nirankari.org
ਤੇ ਜ਼ਰੂਰ Visit ਕਰੋ!

ਗਿਆਨ-ਵਿਗਿਆਨ

ਧਰਤੀ ਦਿਵਸ ਤੇ ਵਿਸ਼ੇਸ਼

# ਵਾਤਾਵਰਣ ਸੁਰੱਖਿਆ ਦੇ ਪ੍ਰਤੀ ਜਾਗਰੂਕਤਾ

ਧਰਤੀ ਦਿਵਸ ਹਰ ਸਾਲ 22 ਅਪ੍ਰੈਲ ਨੂੰ ਦੁਨੀਆ ਭਰ ਵਿੱਚ ਮਨਾਇਆ ਜਾਂਦਾ ਹੈ। ਜਿਸਦਾ ਉਦੇਸ਼ ਵਾਤਾਵਰਣ ਸੁਰੱਖਿਆ ਪ੍ਰਤੀ ਜਾਗਰੂਕਤਾ ਫੈਲਾਉਣਾ ਹੈ।

**ਧਰਤੀ ਦਿਵਸ ਕਦੋਂ ਤੋਂ ਮਨਾਇਆ ਜਾਂਦਾ ਹੈ?**

ਪਹਿਲੀ ਵਾਰ ਧਰਤੀ ਦਿਵਸ 22 ਅਪ੍ਰੈਲ, 1970 ਨੂੰ ਸੰਯੁਕਤ ਰਾਜ ਅਮਰੀਕਾ ਵਿੱਚ ਮਨਾਇਆ ਗਿਆ ਸੀ।

**ਪ੍ਰਸਤਾਵ**

ਸ਼ਾਂਤੀ ਕਾਰਕੁਨ ਜੌਨ ਮੈਕਕੋਨੇਲ ਨੇ 1969 ਵਿੱਚ ਯੂਨੈਸਕੋ ਕਾਨਫਰੰਸ ਵਿੱਚ ਧਰਤੀ ਦਿਵਸ ਮਨਾਉਣ ਦਾ ਪ੍ਰਸਤਾਵ ਰੱਖਿਆ ਸੀ।

**ਉਦੇਸ਼**

ਇਸ ਦਿਨ ਨੂੰ ਮਨਾਉਣ ਦਾ ਮੁੱਖ ਉਦੇਸ਼ ਲੋਕਾਂ ਨੂੰ ਧਰਤੀ ਅਤੇ ਕੁਦਰਤ ਦੀ ਮਹੱਤਤਾ ਤੋਂ ਜਾਣੂ ਕਰਵਾਉਣਾ ਹੈ।

**ਅੱਜਕੱਲ੍ਹ**

ਧਰਤੀ ਦਿਵਸ ਹੁਣ 190 ਤੋਂ ਵੱਧ ਦੇਸ਼ਾਂ ਵਿੱਚ ਮਨਾਇਆ ਜਾਂਦਾ ਹੈ, ਜੋ ਇਸਨੂੰ ਦੁਨੀਆ ਦੇ ਸਭ ਤੋਂ ਵੱਡੇ ਧਰਮ ਨਿਰਪੱਖ ਜਸ਼ਨਾਂ ਵਿੱਚੋਂ ਇੱਕ ਬਣਾਉਂਦਾ ਹੈ।

**ਥੀਮ**

ਸਾਲ 2025 ਵਿੱਚ, ਜੋ ਕਿ ਸਾਡੀ 55ਵੀਂ ਵਰ੍ਹੇਗੰਢ ਦਾ ਸਾਲ ਹੈ। ਇਸ ਸਾਲ ਦਾ ਵਿਸ਼ਾ ਹੈ - 'ਸਾਡੀ ਸ਼ਕਤੀ, ਸਾਡਾ ਗ੍ਰਹਿ'। ਇਸ ਥੀਮ ਦੇ ਨਾਲ, 2030 ਤੱਕ ਨਵਿਆਉਣਯੋਗ ਊਰਜਾ ਨੂੰ ਤਿੰਨ ਗੁਣਾ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ, ਸੂਰਜੀ, ਹਵਾ,



ਪਣ-ਬਿਜਲੀ, ਭੂ-ਥਰਮਲ ਅਤੇ ਜਵਾਰ ਸਰੋਤਾਂ ਤੋਂ ਪੈਦਾ ਹੋਣ ਵਾਲੀ ਊਰਜਾ ਨੂੰ ਉਤਸ਼ਾਹਿਤ ਕਰਨਾ।

**ਅੱਜ ਦੇ ਨੌਜਵਾਨਾਂ ਨੂੰ ਕੀ ਕਰਨਾ ਚਾਹੀਦਾ ਹੈ?**

ਤੁਸੀਂ ਸਾਰੇ ਜਾਣਦੇ ਹੋ ਜਾਂ ਆਪਣੇ ਬਜ਼ੁਰਗਾਂ ਤੋਂ ਸੁਣਿਆ ਹੋਵੇਗਾ ਕਿ ਜੁਲਾਈ ਅਤੇ ਸਤੰਬਰ ਦੇ ਮਹੀਨਿਆਂ ਵਿੱਚ ਬਹੁਤ ਜ਼ਿਆਦਾ ਮੀਂਹ ਪੈਂਦਾ ਸੀ। ਮਾਰਚ ਤੋਂ ਜੂਨ ਨੂੰ ਗਰਮੀਆਂ ਦੇ ਮਹੀਨੇ ਕਿਹਾ ਜਾਂਦਾ ਸੀ ਅਤੇ ਜੂਨ ਸਭ ਤੋਂ ਗਰਮ ਰਿਹਾ ਹੈ। ਅਕਤੂਬਰ ਤੋਂ ਫਰਵਰੀ ਤੱਕ ਸਰਦੀਆਂ ਦੇ ਮਹੀਨੇ ਕਹੇ ਜਾਂਦੇ ਹਨ। ਪਰ ਤੁਸੀਂ ਸਾਰਿਆਂ ਨੇ ਇਹ ਜ਼ਰੂਰ ਮਹਿਸੂਸ ਕੀਤਾ ਹੋਵੇਗਾ ਕਿ ਪਿਛਲੇ ਕੁੱਝ ਸਾਲਾਂ ਵਿੱਚ, ਗਲੋਬਲ

ਵਾਰਮਿੰਗ ਦੇ ਕਾਰਨ, ਇਹ ਚੱਕਰ ਪੂਰੀ ਤਰ੍ਹਾਂ ਬਦਲ ਗਿਆ ਹੈ। ਜੇਕਰ ਅਸੀਂ ਉਸੇ ਸਾਲ 2024 ਅਤੇ 2025 ਦੇ ਪਹਿਲੇ ਤਿੰਨ ਮਹੀਨਿਆਂ ਦੀ ਗੱਲ ਕਰੀਏ ਤਾਂ ਸਾਰਿਆਂ ਨੂੰ ਲੱਗਾ ਕਿ ਪਿਛਲੇ ਸਾਲ ਕੁੱਝ ਥਾਵਾਂ 'ਤੇ ਤਾਪਮਾਨ 50 ਡਿਗਰੀ ਤੋਂ ਵੱਧ ਪਹੁੰਚ ਗਿਆ ਸੀ। ਇਸ ਸਾਲ ਵੀ ਜਨਵਰੀ ਅਤੇ ਫਰਵਰੀ ਵਿੱਚ ਠੰਢ ਓਨੀ ਹੀ ਸੀ ਜਿੰਨੀ ਸਤੰਬਰ ਅਤੇ ਅਕਤੂਬਰ ਦੇ ਮਹੀਨਿਆਂ ਵਿੱਚ ਹੁੰਦੀ ਸੀ। ਇਹ ਸਭ ਗਲੋਬਲ ਵਾਰਮਿੰਗ ਕਾਰਨ ਹੋ ਰਿਹਾ ਹੈ। ਸੰਘਣੇ ਹਰੇ ਜੰਗਲਾਂ ਅਤੇ ਖੇਤਾਂ ਦੀ ਥਾਂ ਕੰਕਰੀਟ ਦੇ ਜੰਗਲਾਂ ਨੇ ਲੈ ਲਈ ਹੈ। ਵਾਤਾਵਰਣ ਦੇ ਸੰਤੁਲਨ ਨੂੰ ਵਿਗਾੜਨ ਵਿੱਚ ਸਭ ਤੋਂ ਵੱਡਾ ਯੋਗਦਾਨ ਕਿਸੇ ਹੋਰ ਦਾ ਨਹੀਂ ਸਗੋਂ ਇਸ ਮਨੁੱਖ ਦਾ ਹੈ। ਜੋ ਆਪਣੀ ਸਹੂਲਤ ਅਤੇ ਵਿਕਾਸ ਦੇ ਨਾਮ 'ਤੇ ਹਰ ਰੋਜ਼ ਹਜ਼ਾਰਾਂ ਰੁੱਖਾਂ ਦੀ ਬਲੀ ਦੇ ਰਿਹਾ ਹੈ। ਪਾਣੀ ਦੇ ਸਰੋਤ ਸੁੱਕ ਰਹੇ ਹਨ। ਅਸੀਂ ਉਨ੍ਹਾਂ ਰੁੱਖਾਂ ਅਤੇ ਪੌਦਿਆਂ ਨੂੰ ਤਬਾਹ ਕਰਕੇ ਵਿਕਾਸ ਦੀ ਕਹਾਣੀ ਲਿਖ ਰਹੇ ਹਾਂ ਜੋ ਸਾਨੂੰ ਦਿਲਾਸਾ ਦਿੰਦੇ ਹਨ। ਹੁਣ ਪੂਰੀ ਧਰਤੀ ਪ੍ਰਦੂਸ਼ਣ ਅਤੇ ਪਲਾਸਟਿਕ ਦੀ ਧੂੜ ਨਾਲ ਭਰੀ ਹੋਈ ਹੈ।

ਧਰਤੀ ਦਿਵਸ ਮਨਾਉਣ ਦਾ ਮਕਸਦ ਇਹ ਹੈ ਕਿ ਸਾਨੂੰ ਉਨ੍ਹਾਂ ਚੀਜ਼ਾਂ ਦੀ ਵਰਤੋਂ ਘਟਾਉਣੀ ਚਾਹੀਦੀ ਹੈ ਜੋ ਸਾਡੀ ਧਰਤੀ ਦਾ ਸ਼ੋਸ਼ਣ ਕਰ ਰਹੀਆਂ ਹਨ। ਉਨ੍ਹਾਂ ਗੈਸਾਂ ਦੀ ਘੱਟ ਵਰਤੋਂ ਕਰੋ ਜਿਨ੍ਹਾਂ ਦੇ ਨਿਕਾਸ ਨਾਲ ਆਕਸੀਜਨ ਘੱਟ ਰਹੀ ਹੈ ਅਤੇ ਵਾਤਾਵਰਣ ਪ੍ਰਦੂਸ਼ਿਤ ਹੋ ਰਿਹਾ ਹੈ। ਇੱਕ ਰੁੱਖ ਜ਼ਰੂਰ ਲਗਾਓ। ਪਰ ਰੁੱਖ ਲਗਾਉਣ ਤੋਂ ਬਾਅਦ, ਬੱਚਿਆਂ ਵਾਂਗ ਉਨ੍ਹਾਂ ਦੀ ਦੇਖਭਾਲ ਕਰਨਾ ਨਾ ਭੁੱਲੋ ਤਾਂ ਜੋ ਰੁੱਖ ਵਧੇ ਅਤੇ ਸਾਨੂੰ ਫਲ, ਛਾਂ ਅਤੇ ਆਕਸੀਜਨ ਦੇਵੇ ਜੋ ਕਿ ਜੀਵਨ ਦੇਣ ਵਾਲੀ ਹਵਾ ਹੈ। ਦੇਖਭਾਲ ਕਰਨਾ ਨਾ ਭੁੱਲੋ ਤਾਂ ਜੋ ਰੁੱਖ ਵਧੇ ਅਤੇ ਸਾਨੂੰ ਫਲ, ਛਾਂ ਅਤੇ ਆਕਸੀਜਨ ਦੇਵੇ ਜੋ ਕਿ ਜੀਵਨ ਦੇਣ ਵਾਲੀ ਹਵਾ ਹੈ। ■

– ਸੁਮਨ ਸ਼ਰਮਾ

# *ਵਿਗਿਆਨ ਪ੍ਰਸ਼ਨੋਤਰੀ*

*ਪ੍ਰਸ਼ਨ :* *ਟੈਲੀਫੋਨ ਦੀਆਂ ਤਾਰਾਂ ਗਰਮੀਆਂ ਵਿੱਚ ਢਿੱਲੀਆਂ ਕਿਉਂ ਹੋ ਜਾਂਦੀਆਂ ਹਨ?*

*ਉੱਤਰ :* *ਗਰਮੀਆਂ ਵਿੱਚ ਤਾਪ ਜ਼ਿਆਦਾ ਹੁੰਦਾ ਹੈ। ਜ਼ਿਆਦਾ ਤਾਪ ਹੋਣ ਦੇ ਕਾਰਣ ਤਾਰਾਂ ਤੇ ਵੀ ਇਸ ਦਾ ਪ੍ਰਭਾਵ ਪੈਂਦਾ ਹੈ ਅਤੇ ਉਹ ਫੈਲ ਜਾਂਦੀਆਂ ਹਨ। ਤਾਰਾਂ ਦੇ ਫੈਲ ਜਾਣ ਨਾਲ ਉਨ੍ਹਾਂ ਦੀ ਲੰਬਾਈ ਜ਼ਿਆਦਾ ਹੋ ਜਾਂਦੀ ਹੈ। ਇਹੀ ਕਾਰਣ ਹੈ ਕਿ ਗਰਮੀਆਂ ਵਿੱਚ ਟੈਲੀਫੋਨ ਦੀਆਂ ਤਾਰਾਂ ਢਿੱਲੀਆਂ ਪੈ ਜਾਂਦੀਆਂ ਹਨ ਇਸ ਦੇ ਵਿਪਰੀਤ ਸਰਦੀਆਂ ਵਿੱਚ ਤਾਪ ਘੱਟ ਰਹਿਣ ਨਾਲ ਤਾਰਾਂ ਕੱਸੀਆਂ ਰਹਿੰਦੀਆਂ ਹਨ।*

*ਪ੍ਰਸ਼ਨ :* *ਮੱਛਰ ਦੀ ਆਵਾਜ਼ ਸ਼ੇਰ ਦੀ ਆਵਾਜ਼ ਤੋਂ ਤਿੱਖੀ ਕਿਉਂ ਹੁੰਦੀ ਹੈ?*


*ਉੱਤਰ :* *ਆਵਾਜ਼ ਦਾ ਤਿੱਖਾ ਹੋਣਾ ਧਵਨੀ ਦੀ ਆਵਿਰਤੀ ਅਤੇ ਪ੍ਰਬਲਤਾ ਤੇ ਨਿਰਭਰ ਕਰਦਾ ਹੈ। ਮੱਛਰ ਦੀ ਆਵਾਜ਼ ਦੀ ਆਵਿਰਤੀ ਜ਼ਿਆਦਾ ਹੁੰਦੀ ਹੈ ਅਤੇ ਪ੍ਰਬਲਤਾ ਘੱਟ। ਜਦੋਂ ਕਿ ਸ਼ੇਰ ਦੀ ਆਵਾਜ਼ ਦੀ ਆਵਿਰਤੀ ਘੱਟ ਹੁੰਦੀ ਹੈ ਅਤੇ ਪ੍ਰਬਲਤਾ ਜ਼ਿਆਦਾ। ਬਸ, ਇਸ ਵਜ੍ਹਾ ਨਾਲ ਅਜਿਹਾ ਹੁੰਦਾ ਹੈ।*

*ਪ੍ਰਸ਼ਨ :* *ਪਾਣੀ ਨੂੰ ਰੱਖਣ ਲਈ ਮਿੱਟੀ ਦੇ ਬਰਤਨ ਕਿਉਂ ਚੰਗੇ ਮੰਨੇ ਜਾਂਦੇ ਹਨ?*

*ਉੱਤਰ :* *ਪਾਣੀ ਨੂੰ ਮਿੱਟੀ ਦੇ ਬਰਤਨਾਂ ਵਿੱਚ ਇੱਕਠਾ ਕਰਨਾ ਇਕ ਪੁਰਾਣੀ ਵਿੱਧੀ ਹੈ, ਕਿਉਂਕਿ ਮਿੱਟੀ ਦੇ ਬਰਤਨਾਂ ਵਿੱਚ ਜੀਵਾਣੂ ਘੱਟ ਹੁੰਦੇ ਹਨ। ਅਗਰ ਬਰਤਨਾਂ ਵਿੱਚ ਕਪੂਰ ਜਾਂ ਤੁਲਸੀ ਦੀਆਂ ਪੱਤੀਆਂ ਪਾ ਦਿੱਤੀਆਂ ਜਾਣ ਤਾਂ ਇਸ ਵਿੱਚ ਯੂਜੀਮੋਲ ਅਤੇ ਆਕਸੀਜਨ ਮੋਨਾਟਰਪਿੰਸ ਦੇ ਕਾਰਣ ਸੂਖਸ਼ਮ ਜੀਵਾਂ ਦੀ ਗਿਣਤੀ ਬਹੁਤ ਘੱਟ ਹੋ ਜਾਂਦੀ ਹੈ।*




# ਡਾਲਫਿਨ



**ਭੋਜਨ :**
ਬੋਂਬੀਲ, ਬਾਂਗੜਾ, ਪਾਪਲੇਟ, ਛੋਟੀਆਂ ਮੱਛੀਆਂ ਦੇ ਝੁੰਡ

ਨਾਮ : ਇੰਡੀਅਨ ਓਸ਼ਨ ਹੰਪਬੈਕ ਡਾਲਫਿਨ
ਵਿਗਿਆਨਕ ਨਾਮ : Sousa plumbea
ਸਥਾਨਕ ਨਾਮ : ਗਾਦਾ ਰੇਡਾ
ਹਾਲਾਤ : ਖਤਰੇ ਵਿੱਚ
ਵਰਗ : ਥਣਧਾਰੀ (ਪਿੱਲਿਆਂ ਨੂੰ ਜਨਮ ਦਿੰਦੀ ਹੈ)
ਆਕਾਰ : 2 ਤੋਂ 3 ਮੀਟਰ ਲੰਮੀ,
150 ਤੋਂ 250 ਕਿਲੋ ਵਜਨ
ਰੰਗ : ਗੂੜਾ ਸਲੇਟੀ ਰੰਗ




**ਹੋਂਦ ਲਈ ਖਤਰੇ :**
ਵਾਤਾਵਰਣ ਪ੍ਰਦੂਸ਼ਣ, ਧੁਨੀ ਪ੍ਰਦੂਸ਼ਣ, ਰਹਿਣ ਦਾ ਨਾਸ਼, ਬਹੁਤ ਜ਼ਿਆਦਾ ਮੱਛੀ ਫੜਨਾ, ਰਸਾਇਣਕ ਪ੍ਰਦੂਸ਼ਣ



**ਰਿਹਾਇਸ਼ :**
ਸਮੁੰਦਰ ਦੇ ਕਿਨਾਰੇ ਦੇ ਕੋਲ ਘੱਟ ਪਾਣੀ ਵਿੱਚ, ਨਦੀਆਂ ਦੇ ਕਿਨਾਰਿਆਂ ਦੇ ਕੋਲ ਇਹ ਪ੍ਰਜਾਤੀ ਮਿਲਦੀ ਹੈ। ਮਹਾਰਾਸ਼ਟਰ ਦੇ 720 ਕਿ.ਮੀ. ਲੰਮੀ ਤੱਟਰੇਖਾ ਤੇ ਇਹ ਪ੍ਰਜਾਤੀ ਦਿਖਾਈ ਦਿੰਦੀ ਹੈ, ਖਾਸ ਕਰਕੇ ਕੋਂਕਣ ਕਿਨਾਰੇ ਤੇ ਇਹ ਦੱਖਣੀ ਅਫਰੀਕਾ ਤੋਂ ਲੈ ਕੇ ਵੈਸਟਰਨ ਇੰਡੋਚਾਇਨਾ ਤਕ ਦੇ ਤੱਟਵਰਤੀ ਖੇਤਰਾਂ ਵਿੱਚ ਫੈਲੀ ਹੋਈ ਹੈ, ਇਸ ਦੇ ਇਲਾਵਾ ਪੂਰਵੀ ਅਫਰੀਕਾ, ਮੱਧ ਪੂਰਵ ਅਤੇ ਭਾਰਤ ਦੇ ਤੱਟਵਰਤੀ ਖੇਤਰਾਂ ਵਿੱਚ ਵੀ ਮਿਲਦੀ ਹੈ।

**ਪ੍ਰਜਣਨ ਦਾ ਸਮਾਂ :**
ਡਾਲਫਿਨ ਸਾਲ ਭਰ ਪ੍ਰਜਣਨ ਕਰ ਸਕਦੀ ਹੈ, ਪਰ ਪ੍ਰਜਣਨ ਲਈ ਵਧੀਆ ਸਮਾਂ ਮਈ ਤੋਂ ਜੂਨ ਤੱਕ ਹੁੰਦਾ ਹੈ। ਗਰਭਧਾਰਣ ਦਾ ਸਮਾਂ 10-12 ਮਹੀਨੇ ਹੁੰਦਾ ਹੈ। ਮਾਦਾ ਇੱਕ ਵਾਰ ਵਿੱਚ ਇੱਕ ਪਿੱਲੇ ਨੂੰ ਜਨਮ ਦਿੰਦੀ ਹੈ। ਮਾਂ ਆਪਣੇ ਪਿੱਲੇ ਦੀ ਦੇਖਭਾਲ ਲਗਭਗ 1 ਤੋਂ 3 ਸਾਲ ਤਕ ਕਰਦੀ ਹੈ।



**ਮਹੱਤਵਪੂਰਨ ਜਾਣਕਾਰੀ :**
ਭਾਰਤ ਵਿੱਚ ਡਾਲਫਿਨ ਦੀਆਂ ਲਗਭਗ 18 ਪ੍ਰਜਾਤੀਆਂ ਮਿਲ ਜਾਂਦੀਆਂ ਹਨ। ਇਸ ਡਾਲਫਿਨ ਨੂੰ HUMP-BACK ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਸ ਦੀ ਪਿੱਠ ਤੇ ਇੱਕ ਉਭਰੀ ਹੋਈ ਰਚਨਾ ਹੁੰਦੀ ਹੈ। ਇਹ ਮਹਾਂਰਾਸ਼ਟਰ ਦੀ ਤਟਰੇਖਾ ਤੇ ਮਿਲ ਜਾਂਦੀ ਹੈ। ਇਹ ਇੱਕ ਸਮਾਜਿਕ ਪ੍ਰਾਣੀ ਹੈ ਅਤੇ ਇੱਕ ਝੁੰਡ ਵਿੱਚ 4 ਤੋਂ 35 ਜਾਂ ਉਸ ਤੋਂ ਵੱਧ ਡਾਲਫਿਨ ਹੁੰਦੀਆਂ ਹਨ, ਜਿਹਨਾਂ ਵਿੱਚ ਨਰ, ਮਾਦਾ, ਅਤੇ ਪਿੱਲੇ ਸ਼ਾਮਿਲ ਹੁੰਦੇ ਹਨ।

ਡਾਲਫਿਨ ਭੋਜਨ ਲੱਭਣ, ਕਿਸ਼ਤੀਆਂ ਤੋਂ ਬਚਣ ਅਤੇ ਗੰਦੇ ਪਾਣੀ ਵਿੱਚੋਂ ਰਾਹ ਕੱਢਣ ਲਈ ਗੂੰਜ ਦਾ ਇਸਤੇਮਾਲ ਕਰਦੀ ਹੈ। ਡਾਲਫਿਨ ਆਪਸ ਵਿੱਚ ਗੱਲਬਾਤ ਕਰਨ ਲਈ ਚੂੰ-ਚੂੰ ਦੀ ਆਵਾਜ਼ ਕਰਦੀ ਹੈ। ਇਸ ਦੇ ਨੁਕੀਲੇ ਸਰੀਰ, ਚਿਕਨੀ ਚਮੜੀ ਅਤੇ ਚੌੜੀ ਪੂਛ ਦੇ ਕਾਰਣ ਇਹ ਤੇਜ਼ੀ ਨਾਲ ਤੈਰ ਸਕਦੀ ਹੈ। ਡਾਲਫਿਨ ਬੜੀ ਬੁੱਧੀਮਾਨ ਅਤੇ ਸਮਾਜਿਕ ਪ੍ਰਾਣੀ ਮੰਨੀ ਜਾਂਦੀ ਹੈ। ਇਹ ਨਿਯਮਿਤ ਰੂਪ ਨਾਲ ਸਾਹ ਲੈਣ ਲਈ ਪਾਣੀ ਦੀ ਸਤਹ ਤੇ ਆਉਂਦੀ ਹੈ, ਕਿਉਂਕਿ ਇਹ ਥਣਧਾਰੀ ਹੈ, ਅਤੇ ਫੇਫੜਿਆਂ ਨਾਲ ਸਾਹ ਲੈਂਦੀ ਹੈ।







# ਹਾਸਾ ਖੇਡਾ

ਹੈਪੀ : ਲੋਕ ਕਹਿੰਦੇ ਹਨ ਕਿ ਦਿਨ ਵਿੱਚ ਵੇਖੇ ਸੁਪਨੇ ਸੱਚ ਨਹੀਂ ਹੁੰਦੇ, ਪਰ ਮੇਰਾ ਤਾਂ ਕੱਲ ਦਿਨ ਦਾ ਸੁਪਨਾ ਪੂਰਾ ਹੋ ਗਿਆ।

ਬੰਟੀ : ਕਿਵੇਂ ਭਲਾ?

ਹੈਪੀ : ਕੱਲ ਦੁਪਹਿਰ ਨੂੰ ਮੈਂ ਕਲਾਸ ਵਿੱਚ ਸੌਂਦੇ-ਸੌਂਦੇ ਸੁਪਨਾ ਵੇਖ ਰਿਹਾ ਸੀ ਕਿ ਸਰ ਮੈਨੂੰ ਮਾਰ ਰਹੇ ਹਨ ਅਤੇ ਅਚਾਨਕ ਮੈਂ ਜਾਗਿਆ ਤਾਂ ਵੇਖਿਆ ਕਿ ਸਚਮੁੱਚ ਮੈਨੂੰ ਮਾਰ ਪੈ ਰਹੀ ਹੈ।

---

ਇੱਕ ਵਿਅਕਤੀ ਦੇ ਦੰਦ ਵਿੱਚ ਕੀੜਾ ਲੱਗ ਗਿਆ। ਉਹ ਡਾਕਟਰ ਦੇ ਕੋਲ ਗਿਆ ਤਾਂ ਡਾਕਟਰ ਬੋਲਿਆ –

ਚਾਰ ਦਿਨ ਤਕ ਸਵੇਰੇ ਸ਼ਾਮ ਦੁੱਧ-ਬਿਸਕੁਟ ਲਉ ਅਤੇ ਪੰਜਵੇਂ ਦਿਨ ਸਿਰਫ ਦੁੱਧ ਲੈਣਾ, ਕੀੜਾ ਜ਼ਰੂਰ ਨਿਕਲ ਜਾਏਗਾ।

ਉਸ ਨੇ ਚਾਰ ਦਿਨ ਤਕ ਦੁੱਧ-ਬਿਸਕੁਟ ਲਏ ਅਤੇ ਪੰਜਵੇਂ ਦਿਨ ਸਿਰਫ ਦੁੱਧ ਲਿਆ, ਕੀੜਾ ਬਾਹਰ ਨਿਕਲਿਆ ਅਤੇ ਬੋਲਿਆ –

ਅੱਜ ਬਿਸਕੁਟ ਨਹੀਂ ਹੈ ਕੀ?

ਸੋਨੂੰ ਪਾਰਕਿੰਗ ਵਿੱਚ ਆਪਣੀ ਕਾਰ ਦੇ ਦੋ ਪਹੀਏ ਕੱਢ ਰਿਹਾ ਸੀ।

ਮੋਨੂੰ : ਓਏ ਇਹ ਕੀ ਕਰ ਰਿਹਾ ਹੈ?

ਸੋਨੂੰ : ਕਾਰ ਦੇ ਦੋ ਪਹੀਏ ਕੱਢ ਰਿਹਾ ਹਾਂ।

ਮੋਨੂੰ : ਲੇਕਿਨ ਤੂੰ ਪਹੀਏ ਕਿਉਂ ਕੱਢ ਰਿਹਾ ਹੈ? ਇਹ ਤਾਂ ਵੇਖਣ ਵਿੱਚ ਠੀਕ ਲੱਗ ਰਹੇ ਹਨ।

ਸੋਨੂੰ : ਵੇਖ ਨਹੀਂ ਰਿਹਾ, ਇੱਥੇ ਲਿਖਿਆ ਹੈ, 'ਔਨਲੀ ਟੂ ਵਹੀਲਰ ਪਾਰਕਿੰਗ'।

---

ਅਚਾਨਕ ਵਰਖਾ ਹੋਣ ਲੱਗੀ।

ਪਹਿਲਾ ਪਾਗਲ : ਚਲ ਅੰਦਰ ਚਲਦੇ ਹਾਂ, ਆਸਮਾਨ ਵਿੱਚ ਛੇਕ ਹੋ ਗਿਆ ਹੈ। ਐਨੇ ਵਿੱਚ ਬਿਜਲੀ ਲਿਸ਼ਕੀ।

ਦੂਸਰਾ ਪਾਗਲ : ਚਲ ਰੁਕ ਜਾ, ਲਗਦਾ ਹੈ ਵੈਲਡਿੰਗ ਵਾਲੇ ਆ ਗਏ ਹਨ।

---

ਮੋਹਣ : (ਸੋਹਣ ਨੂੰ) ਦਾਲ ਵਿੱਚ ਕਿੰਨੀ ਪ੍ਰੋਟੀਨ ਹੁੰਦੀ ਹੈ।

ਸੋਹਣ : ਇੱਕ ਮੁਰਗੀ ਦੇ ਬਰਾਬਰ।

ਮੋਹਣ : ਕਿਵੇਂ?

ਸੋਹਣ : ਇੱਕ ਕਹਾਵਤ ਹੈ ਨਾ! ਘਰ ਦੀ ਮੁਰਗੀ ਦਾਲ ਬਰਾਬਰ।

– ਗੁਰਚਰਨ ਆਨੰਦ








ਆਪਣੀ ਪ੍ਰਯੋਗਸ਼ਾਲਾ

# ਮੰਗਲ ਰੁੱਖ

## ਕੁਦਰਤ ਦਾ ਵਰਦਾਨ





"ਨਮਸਤੇ ਦੋਸਤੋ! ਮੈਂ ਮੰਗਲ, ਮੈਂਗ੍ਰੋਵ ਦਾ ਰੁੱਖ ਹਾਂ ਜੋ ਧਰਤੀ ਮਾਂ ਦਾ ਉਪਹਾਰ ਹੈ। ਮੇਰੀਆਂ ਜੜ੍ਹਾਂ ਪ੍ਰੇਮ, ਸੁਰੱਖਿਆ ਅਤੇ ਸੰਤੁਲਨ ਦੀਆਂ ਪ੍ਰਾਚੀਨ ਕਹਾਣੀਆਂ ਨੂੰ ਦੁਹਰਾਉਂਦੀਆਂ ਹਨ। ਮੇਰੇ ਕੋਲ ਆਓ, ਮੈਂ ਤੁਹਾਨੂੰ ਆਪਣੇ ਰਾਜ਼ ਸੁਣਾਉਂਦਾ ਹਾਂ।



ਮੇਰੀਆਂ ਜੜ੍ਹਾਂ ਪਿਆਰ ਨਾਲ ਭਰਪੂਰ ਬਾਹਾਂ ਵਾਂਗ ਹਨ ਜੋ ਛੋਟੀ ਮੱਛੀਆਂ, ਪਿਆਰੇ ਕੇਕੜਿਆਂ ਅਤੇ ਗਾਉਣ ਵਾਲੇ ਪੰਛੀਆਂ ਨੂੰ ਪਨਾਹ ਦਿੰਦੀਆਂ ਹਨ। ਜਿਸ ਤਰ੍ਹਾਂ ਪਰਮਾਤਮਾ ਸਾਰਿਆਂ ਦਾ ਧਿਆਨ ਰੱਖਦਾ ਹੈ, ਉਸੇ ਤਰ੍ਹਾਂ ਮੈਂ ਵੀ ਹਰੇਕ ਜੀਵ ਨੂੰ ਛਾਂ ਅਤੇ ਗਰਮਾਹਟ ਪ੍ਰਦਾਨ ਕਰਦਾ ਹਾਂ।



ਇੱਕ ਦਿਨ, ਇੱਕ ਭਿਆਨਕ ਤੂਫ਼ਾਨ ਆਇਆ ਸ਼ੇਰ ਦੀ ਤਰ੍ਹਾਂ ਗਰਜਦਾ ਹੋਇਆ। ਪਰ ਮੈਂ ਮਜ਼ਬੂਤੀ ਨਾਲ ਖੜ੍ਹਾ ਰਿਹਾ ਸ਼ਕਤੀ ਦੀ ਪ੍ਰਾਥਨਾ ਕਰਦੇ ਹੋਏ। ਮੇਰੀਆਂ ਜੜ੍ਹਾਂ ਨੇ ਮੇਰੇ ਤੂਫ਼ਾਨੀ ਲਹਿਰਾਂ ਨੂੰ ਰੋਕ ਦਿੱਤਾ ਅਤੇ ਧਰਤੀ ਦੀ ਰੱਖਿਆ ਕੀਤੀ। ਕੁਦਰਤ ਹਮੇਸ਼ਾ ਉਹਨਾਂ ਦਾ ਸਾਥ ਦਿੰਦੀ ਹੈ ਜੋ ਇਸਦੀ ਇੱਜ਼ਤ ਕਰਦੇ ਹਨ।



ਪਾਣੀ ਜੀਵਨ ਹੈ ਪਰ ਉਹ ਸ਼ੁੱਧ ਹੋਣਾ ਚਾਹੀਦਾ ਹੈ। ਮੇਰੀਆਂ ਜੜ੍ਹਾਂ ਇੱਕ ਪਵਿੱਤਰ ਛਾਨਣੀ ਵਾਂਗ ਕੰਮ ਕਰਦੀਆਂ ਹਨ, ਪਾਣੀ ਨੂੰ ਸ਼ੁੱਧ ਕਰਕੇ ਸਮੁੰਦਰ ਤੱਕ ਪਹੁੰਚਾਉਂਦੀਆਂ ਹਨ। ਜਿਸ ਤਰ੍ਹਾਂ ਇੱਕ ਨਿਰਮਲ ਮਨ ਦੁਨੀਆ ਵਿੱਚ ਸ਼ਾਂਤੀ ਲਿਆਉਂਦਾ ਹੈ, ਉਂਝ ਹੀ ਸ਼ੁੱਧ ਪਾਣੀ ਜੀਵਨ ਲਿਆਉਂਦਾ ਹੈ।




ਮੇਰੇ ਪੱਤੇ, ਫ਼ਲ ਅਤੇ ਲੱਕੜ ਮਾਂ ਕੁਦਰਤ ਦਾ ਉਪਹਾਰ ਹਨ। ਲੋਕ ਇਨ੍ਹਾਂ ਦੀ ਵਰਤੋਂ ਦਵਾਈ, ਭੋਜਨ ਅਤੇ ਘਰ ਬਣਾਉਣ ਲਈ ਕਰਦੇ ਹਨ, ਪਰ ਸਿਰਫ਼ ਉਸ ਹੱਦ ਤੱਕ ਹੀ ਜਿੰਨ੍ਹੀ ਜ਼ਰੂਰਤ ਹੋਵੇ। ਜੀਵਨ ਦਾ ਰਾਜ਼ ਧੰਨਵਾਦ ਨਾਲ ਦੇਣਾ ਅਤੇ ਸਤਿਕਾਰ ਦੇ ਨਾਲ ਲੈਣਾ ਹੈ।



ਰੁੱਖ ਸੰਗੀਤ ਦੀ ਤਰ੍ਹਾਂ ਹਨ, ਜੋ ਧਰਤੀ ਨੂੰ ਸੰਤੁਲਿਤ ਰੱਖਦੇ ਹਨ। ਜਿਵੇਂ ਬਿਨ੍ਹਾਂ ਪ੍ਰੇਮ ਦੇ ਘਰ ਅਧੂਰਾ ਹੁੰਦਾ ਹੈ, ਉਸੇ ਤਰ੍ਹਾਂ ਹੀ ਮੇਰੀਆਂ ਜੜ੍ਹਾਂ ਧਰਤੀ ਨਾਲ ਜੁੜੀਆਂ ਰਹਿੰਦੀਆਂ ਹਨ, ਜਿਵੇਂ ਦਿਆਲਤਾ ਅਤੇ ਵਿਸ਼ਵਾਸ ਸਾਡੇ ਦਿਲਾਂ ਨੂੰ ਮਜ਼ਬੂਤ ਰੱਖਦੇ ਹਨ।


ਜੇਕਰ ਤੁਸੀਂ ਮੇਰੀ ਰੱਖਿਆ ਕਰੋਗੇ, ਤਾਂ ਮੈਂ ਵੀ ਤੁਹਾਡੀ ਰੱਖਿਆ ਕਰਾਂਗਾ। ਮੈਨੂੰ ਹੋਰ ਕੁੱਝ ਨਹੀਂ ਚਾਹੀਦਾ, ਸਿਰਫ਼ ਪ੍ਰੇਮ, ਦੇਖਭਾਲ ਅਤੇ ਵੱਧਣ ਦੀ ਅਨੁਮਤਿ। ਇੱਕਠੇ ਮਿਲ ਕੇ ਅਸੀਂ ਧਰਤੀ ਨੂੰ ਸੁਰੱਖਿਅਤ, ਸ਼ਕਤੀਸ਼ਾਲੀ ਅਤੇ ਜੀਵਨ ਨਾਲ ਭਰਪੂਰ ਬਣਾ ਸਕਦੇ ਹਾਂ।

# ਕਿਸੇ ਵੀ ਭਾਸ਼ਾ ਵਿੱਚ ਨਵੀਂ ਪਤ੍ਰਕਾ ਦੀ ਮੈਂਬਰਸ਼ਿਪ ਪ੍ਰਾਪਤ ਕਰਨ ਲਈ ਅਪਣੇ ਖੇਤਰ ਦੇ ਮੁੱਖੀ/ਸੰਯੋਜਕ/ ਜ਼ੋਨਲ ਇੰਚਾਰਜ ਨੂੰ ਸੰਪਰਕ ਕਰ ਸਕਦੇ ਹੋ।










ਸਾਰੀਆਂ ਭਾਸ਼ਾਵਾਂ ਦੀਆਂ ਪੱਤ੍ਰਕਾਵਾਂ ਦੇ ਨਵੇਂ ਚੰਦੇ ਹੇਠ ਲਿਖੇ ਅਨੁਸਾਰ ਹਨ :-

| ਮਿਆਦ | ਇੱਕ ਪਤ੍ਰਕਾ | ਦੋ ਪਤ੍ਰਕਾਵਾਂ | ਤਿੰਨ ਪਤ੍ਰਕਾਵਾਂ | | |
|---|---|---|---|---|---|
| ਇੱਕ ਸਾਲ | ₹ 400/- | ₹ 600/- | ₹ 800/- | ਨਿੱਜੀ ਤੌਰ ਤੇ | |
| | ₹ 300/- | ₹ 500/- | ₹ 700/- | ਭਵਨ ਦੇ ਪਤੇ ਤੇ | ਭਵਨ ਦੇ ਪਤੇ ਤੇ |
| ਤਿੰਨ ਸਾਲ | ₹ 1000/- | ₹ 1500/- | ₹ 2000/- | ਨਿੱਜੀ ਤੌਰ ਤੇ | |
| | ₹ 700/- | ₹ 1200/- | ₹ 1700/- | ਭਵਨ ਦੇ ਪਤੇ ਤੇ | ਭਵਨ ਦੇ ਪਤੇ ਤੇ |
| ਪੰਜ ਸਾਲ | ₹ 1500/- | ₹ 2200/- | ₹ 3000/- | ਨਿੱਜੀ ਤੌਰ ਤੇ | |
| | ₹ 1200/- | ₹ 1800/- | ₹ 2600/- | ਭਵਨ ਦੇ ਪਤੇ ਤੇ | ਭਵਨ ਦੇ ਪਤੇ ਤੇ |

## Subscription rates of Nirankari Magazines for Abroad

| Gulf Countries (Dubai Dirham) | | | |
|---|---|---|---|
| Duration | One Magazine | Two Magazines | Three Magazines |
| One Year | 100 | 180 | 250 |
| Three Year | 240 | 450 | 600 |
| Five Year | 375 | 675 | 900 |

| Australia/New Zealand/ Singapore/Canada | | | |
|---|---|---|---|
| Duration | One Magazine | Two Magazines | Three Magazines |
| One Year | $ 50 | $ 90 | $ 120 |
| Three Year | $ 120 | $ 220 | $ 280 |
| Five Year | $ 200 | $ 330 | $ 450 |

| United States of America | | | |
|---|---|---|---|
| Duration | One Magazine | Two Magazines | Three Magazines |
| One Year | $ 40 | $ 70 | $ 100 |
| ThreeY ear | $ 100 | $ 170 | $ 240 |
| Five Year | $ 150 | $ 260 | $ 375 |

| United Kingdom | | | |
|---|---|---|---|
| Duration | One Magazine | Two Magazines | Three Magazines |
| One Year | £ 30 | £ 50 | £ 70 |
| Three Year | £ 70 | £ 120 | £ 170 |
| Five Year | £ 110 | £ 190 | £ 260 |

| European Countries | | | |
|---|---|---|---|
| Duration | One Magazine | Two Magazines | Three Magazines |
| One Year | € 40 | € 70 | € 100 |
| Three Year | € 100 | € 170 | € 240 |
| Five Year | € 150 | € 260 | € 375 |

ਸੰਤ ਨਿਰੰਕਾਰੀ : ਹਿੰਦੀ, ਪੰਜਾਬੀ, ਅੰਗ੍ਰੇਜ਼ੀ, ਮਰਾਠੀ, ਤੇਲਗੁ, ਕੰਨੜ, ਗੁਜਰਾਤੀ, ਬਾਂਗਲਾ ਅਤੇ ਨੇਪਾਲੀ
ਹੱਸਤੀ ਦੁਨੀਆ : ਹਿੰਦੀ, ਪੰਜਾਬੀ, ਅੰਗ੍ਰੇਜ਼ੀ ਅਤੇ ਮਰਾਠੀ
ਏਕ ਨਜ਼ਰ : ਹਿੰਦੀ, ਪੰਜਾਬੀ ਅਤੇ ਮਰਾਠੀ

**ਹੁਣ ਰੋਜ਼ਾਨਾ ਪਤ੍ਰਕਾ ਪੜ੍ਹੋ, ਮਿੱਤਰਾਂ ਤੇ ਪਰਿਵਾਰ ਨੂੰ ਵੀ ਪੜ੍ਹਾਓ!**

**ਕ੍ਰਿਪਾ ਕਰਕੇ ਹੋਰ ਪਾਠਕਾਂ ਨੂੰ ਵੀ ਉਤਸ਼ਾਹਿਤ ਕਰਕੇ ਨਿਰੰਕਾਰੀ ਪਤ੍ਰਕਾਵਾਂ ਦੇ ਮੈਂਬਰ ਬਣਾਓ!**

ਇਸ ਸੰਬੰਧ ਵਿੱਚ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਸੰਪਰਕ ਕਰੋ-

**Helpline:** 011-47660360, **Extn.:** 859, **M.:** 9266629841, **E-mail:** patrika.help@nirankari.org





## Download The App

**Sant Nirankari Mission "SNM" App**

The application is available for the iOS & Android smartphones.

Download on the App Store

ANDROID APP ON Google Play

## Scan QR code

Scan QR code to download Sant Nirankari Mission "SNM" App

For iOS Devices

For Android Devices

Registered with the Registrar of Newspapers
For India Under RNI No. 25672/1973








NIRANKARI JEWELS

78-84, Edward Line, Kingsway Camp, Delhi, 110009
Near G.T.B. Nagar Metro Station Gate No. 4

011-42870440, 42870441, 47058133
nirankari_jewels@hotmail.com
www.nirankarijewels.com
@nirankarijewelsdelhi
Nirankari Jewels Pvt. Ltd.

Monday Closed
Customer Care : 9818883394